# 2
# ਬਾਈਬਲ ਦੀਆਂ ਪੇਸ਼ਨਗੋਈਆਂ

ਬਾਈਬਲੀ ਅਰਥ ਵਿਚ ਭਵਿੱਖਬਾਣੀ ਜਾਂ ਪੇਸ਼ਨਗੋਈ ਖ਼ੁਦਾ ਵੱਲੋਂ ਦਿੱਤਾ ਗਿਆ ਪੈਗ਼ਾਮ ਹੈ ਜੋ ਭੂਤ, ਵਰਤਮਾਨ ਜਾਂ ਭਵਿੱਖ ਬਾਰੇ ਹੋ ਸਕਦਾ ਹੈ। ਇਨਸਾਨ ਦਾ ਦਿਮਾਗ਼ ਭੂਤ ਅਤੇ ਵਰਤਮਾਨ ਦੀ ਸਮੀਖਿਆ ਤਾਂ ਕਰ ਸਕਦਾ ਹੈ ਪਰ ਭਵਿੱਖ ਦੀ ਅਗਾਊਂ ਜਾਣਕਾਰੀ ਦੇਣ ਦੇ ਅਯੋਗ ਹੈ, ਇਸ ਕਰਕੇ ਹੋਣ ਵਾਲੀਆਂ ਗੱਲਾਂ ਦੀ ਸਹੀ-ਸਹੀ ਅਗਾਊਂ ਜਾਣਕਾਰੀ ਅਲੌਕਿਕ ਹੀ ਹੋਵੇਗੀ। ਇਸ ਕਰਕੇ ਬਾਈਬਲ ਦੀਆਂ ਨਬੂਵਤਾਂ ਖ਼ੁਦਾਈ ਇਲਹਾਮ ਹਨ। ਗਿਆਨ ਦਾ ਮੋਅਜਜ਼ਾ ਵੀ ਸ਼ਕਤੀ ਦੇ ਮੋਅਜਜ਼ੇ ਵਾਂਗ ਹੀ ਅਲੌਕਿਕ ਹੈ। ਜੇ ਬਾਈਬਲ ਨੇ ਭਵਿੱਖ ਦੀਆਂ ਉਨ੍ਹਾਂ ਘਟਨਾਵਾਂ ਦੀ ਸਚਮੁਚ ਅਗਾਊਂ ਜਾਣਕਾਰੀ ਦੇ ਦਿੱਤੀ ਹੈ ਤਾਂ ਇਹ ਭਵਿੱਖ ਦੀ ਜਾਣਕਾਰੀ ਇਸ ਗੱਲ ਦਾ ਸਬੂਤ ਹੈ ਕਿ ਬਾਈਬਲ ਦਾ ਲੇਖਕ ਇਨਸਾਨ ਨਹੀਂ ਬਲਕਿ ਖ਼ੁਦਾ ਹੈ।

ਬਾਈਬਲ ਵਿਚ ਨਬੂਵਤਾਂ ਦੀਆਂ ਬਿਓਰੇਵਾਰ ਕਿਸਮਾਂ ਮਿਲਦੀਆਂ ਹਨ। ਯਿਸੂ ਸਣੇ ਖਾਸ ਨਗਰਾਂ, ਦੇਸ਼ਾਂ ਅਤੇ ਲੋਕਾਂ; ਖ਼ੁਦਾ ਦੇ ਰਾਜ ਅਤੇ ਲੋਕਾਂ ਬਾਰੇ ਬਹੁਤ ਸਾਰੀਆਂ ਨਬੂਵਤਾਂ ਕੀਤੀਆਂ ਗਈਆਂ ਹਨ। (ਪਿਛਲੇ ਪਾਠ ਵਿਚ ਯਿਸੂ ਬਾਰੇ ਕਈ ਨਬੂਵਤਾਂ ਦਾ ਜ਼ਿਕਰ ਕੀਤਾ ਗਿਆ ਸੀ। ਇਸ ਪਾਠ ਵਿਚ ਉਨ੍ਹਾਂ ਦਾ ਅਧਿਐਨ ਵਿਸਤਾਰ ਨਾਲ ਕੀਤਾ ਜਾਵੇਗਾ।)

## ਸ਼ਹਿਰਾਂ ਬਾਰੇ ਨਬੂਵਤਾਂ

### ਯਰੀਹੋ

ਯਹੋਸ਼ੁਆ ਦੇ ਵਕਤ ਯਰੀਹੋ ਦੀ ਬਰਬਾਦੀ ਦੇ ਬਾਅਦ, ਇਕ ਅਜੀਬ ਪੇਸ਼ਨਗੋਈ ਕੀਤੀ ਗਈ ਸੀ ਕਿ ਸ਼ਹਿਰ ਦੀ ਮੁੜ ਉਸਾਰੀ ਲਈ ਜ਼ਿੰਮੇਵਾਰ ਸ਼ਖ਼ਸ ਨੂੰ ਆਪਣੇ ਸਭ ਤੋਂ ਵੱਡੇ ਅਤੇ ਸਭ ਤੋਂ ਛੋਟੇ ਦੋ ਪੁੱਤਰਾਂ ਤੋਂ ਹੱਥ ਧੋਣਾ ਪਵੇਗਾ (ਯਹੋਸ਼ੁਆ 6:26)। ਇਹ ਨਬੂਵਤ ਖ਼ਾਸ ਤੌਰ 'ਤੇ ਲਗਭਗ ਪੰਜ ਸੌ ਸਾਲ ਬਾਅਦ ਹੀਏਲ ਵਿਚ ਪੂਰੀ ਹੋਈ ਸੀ। ਯਰੀਹੋ ਦੀ ਮੁੜ ਉਸਾਰੀ ਵੇਲੇ ਇਸ ਬੈਤਏਲੀ ਦਾ ਜੇਠਾ ਪੁੱਤਰ ਅਬੀਰਾਮ ਅਤੇ ਸਭ ਤੋਂ ਛੋਟਾ ਪੁੱਤਰ ਸਗੂਬ ਮਾਰੇ ਗਏ ਸਨ (1 ਰਾਜਿਆਂ 16:34)।

### ਸੂਰ

''ਫ਼ੀਨੀਕੇ ਦੇ ਸਭ ਤੋਂ ਮਸ਼ਹੂਰ ਸ਼ਹਿਰ ਅਤੇ ਦੁਨੀਆ ਦੇ ਪੁਰਾਣੇ ਵਪਾਰਕ ਕੇਂਦਰ'' ਸੂਰ ਬਾਰੇ ਬਾਈਬਲ ਦੇ ਘੱਟੋ-ਘਟ ਪੰਜ ਨਬੀਆਂ ਨੂੰ ਇਲਾਹੀ ਸੰਦੇਸ਼ ਮਿਲਿਆ ਸੀ। ਉਸ 'ਤੇ ਬਹੁਤ

ਸਾਰੀਆਂ ਕੌਮਾਂ ਨੇ ਹਮਲਾ ਕਰਨਾ ਸੀ (ਹਿਜ਼ਕੀਏਲ 26:3)। ਇਹ ਗੱਲ ਬਾਬੁਲ, ਯੂਨਾਨ, ਰੋਮ ਅਤੇ ਤੁਰਕਾਂ ਦੇ ਹਮਲਿਆਂ ਨਾਲ ਪੂਰੀ ਹੋ ਗਈ ਸੀ। ਸੂਰ ਨੂੰ ਸੱਤਰ ਸਾਲਾਂ ਤਕ ਭੁਲਾ ਦਿੱਤਾ ਜਾਣਾ ਸੀ (ਯਸਾਯਾਹ 23:15)। ਇਹ ਨਬੂਵਤ ਬਾਬੁਲ ਦੇ ਹਮਲੇ ਦੇ ਅਖ਼ੀਰ ਅਤੇ ਸੂਰ ਦੀ ਪਹਿਲੀ ਬਰਬਾਦੀ ਤੋਂ 125 ਸਾਲ ਪਹਿਲਾਂ ਕੀਤੀ ਗਈ ਸੀ। ਇਕ ਹੋਰ ਦੰਗ ਕਰ ਦੇਣ ਵਾਲੀ ਪੇਸ਼ਨਗੋਈ ਦੇ ਮੁਤਾਬਕ ਲਗਭਗ ਪੌਣੀ ਸਦੀ ਤਕ ਭੁੱਲੇ ਰਹਿਣ ਦੇ ਬਾਅਦ ਸੂਰ ਨੇ ਸਮੁੰਦਰ ਵਿਚ ਸ਼ਕਤੀਸ਼ਾਲੀ ਬਣਨਾ ਸੀ (ਹਿਜ਼ਕੀਏਲ 26:17)। ਸੱਤਰ ਸਾਲਾਂ ਤਕ ਉੱਜੜਿਆ ਰਹਿਣ ਦੇ ਬਾਅਦ ਮੁੜ ਕੇ ਲੋਕ ਪੁਰਾਣੀ ਥਾਂ 'ਤੇ ਬਣਾਉਣ ਦੀ ਬਜਾਏ ਸਮੁੰਦਰ ਤੋਂ ਅੱਧਾ ਮੀਲ ਦੂਰ ਇਕ ਟਾਪੂ 'ਤੇ ਚਲੇ ਗਏ ਸਨ।

ਹਿਜ਼ਕੀਏਲ ਨੇ ਨਬੂਵਤ ਕੀਤੀ ਸੀ ਕਿ ਸੂਰ ਦੇ ਪੱਥਰ, ਲੱਕੜ ਅਤੇ ਇੱਥੋਂ ਤਕ ਕਿ ਕੂੜਾ ਵੀ ਸਮੁੰਦਰ ਵਿਚ ਸੁੱਟਿਆ ਜਾਵੇਗਾ ਜਿਸ ਨਾਲ ਉਹਦੀਆਂ ਚੱਟਾਨਾ ਨੰਗੀਆਂ ਹੋ ਜਾਣਗੀਆਂ (ਹਿਜ਼ਕੀਏਲ 26:12-14)। ਇਹ ਪੇਸ਼ਨਗੋਈ ਹੈਰਾਨੀਜਨਕ ਢੰਗ ਨਾਲ ਪੂਰੀ ਹੋਈ। ਜਦ ਸਿਕੰਦਰ ਮਹਾਨ ਨੇ ਪੁਰਾਣੇ ਸ਼ਹਿਰ ਤੋਂ ਨਵੇਂ ਟਾਪੂ ਸ਼ਹਿਰ ਤਕ ਉੱਚ ਰਾਹ ਬਣਾਉਣ ਲਈ ਸਾਰਾ ਸਮਾਨ ਲਾ ਦਿੱਤਾ। ਨਬੀ ਨੇ ਇਹ ਵੀ ਅਗਾਊਂ ਸੂਚਨਾ ਦਿੱਤੀ ਸੀ ਕਿ ਪੁਰਾਣਾ ਸ਼ਹਿਰ ਜਾਲ ਸੁੱਟਣ ਦੀ ਥਾਂ ਬਣ ਜਾਵੇਗਾ (ਹਿਜ਼ਕੀਏਲ 26:5, 14)। ਮੁਸਾਫ਼ਰਾਂ ਨੂੰ ਪੁਰਾਣੇ ਸ਼ਹਿਰ ਵਾਲੇ ਥਾਂ ਦੀਆਂ ਚੱਟਾਨਾਂ 'ਤੇ ਮਛੇਰਿਆਂ ਦੇ ਆਕੜੇ ਹੋਏ ਜਾਲ ਮਿਲੇ ਹਨ। ਨਵੇਂ ਸ਼ਹਿਰ ਲਈ ਨਬੀ ਨੇ ਨਬੂਵਤ ਕੀਤੀ ਸੀ ਕਿ ਉਹ ਸੜ ਜਾਵੇਗਾ (ਆਮੋਸ 1:10; ਜ਼ਕਰਯਾਹ 9:3, 4)। ਸਿਕੰਦਰ ਮਹਾਨ ਨੇ ਗੁੱਸੇ ਵਿਚ ਆ ਕੇ ਕਿ ਸੂਰ ਨੇ ਐਨੀ ਦੇਰ ਤਕ ਉਹਦੀ ਘੇਰਾਬੰਦੀ ਦਾ ਸਾਹਮਣਾ ਕੀਤਾ ਹੈ, ਅਖੀਰ ਸ਼ਹਿਰ ਨੂੰ ਬਰਬਾਦ ਕਰਕੇ ਇਹਨੂੰ ਅੱਗ ਲਾ ਦਿੱਤੀ।

ਬਾਅਦ ਦੇ ਸਮਿਆਂ ਵਿਚ ਸੂਰ ਦੇ ਲੋਕਾਂ ਨੇ ਮੂਰਤੀਪੂਜਾ ਤੋਂ ਫਿਰ ਕੇ ਸੱਚੇ ਖ਼ੁਦਾ ਨੂੰ ਮੰਨ ਲਿਆ। ਯਿਸੂ ਨੇ ਫੀਨੀਕੇ ਦੀ ਇਕ ਔਰਤ ਦੀ ਉਹਦੇ ਵਿਸ਼ਵਾਸ ਕਰਕੇ ਤਾਰੀਫ਼ ਕੀਤੀ (ਮੱਤੀ 15:21-28) ਅਤੇ ਪੌਲੁਸ ਨੂੰ ਯਰੂਸ਼ਲਮ ਦੇ ਆਪਣੇ ਆਖਰੀ ਸਫ਼ਰ ਵੇਲੇ ਉੱਥੇ ਪ੍ਰਭੂ ਦੀ ਕਲੀਸੀਆ ਮਿਲੀ ਸੀ (ਰਸੂਲਾਂ ਦੇ ਕੰਮ 21:3-5)। ਡਿਓਕਲੇਸ਼ੀਅਨ ਵੱਲੋਂ ਕੀਤੇ ਜਾਣ ਵਾਲੇ ਸਤਾਅ ਵੇਲੇ ਸੂਰ ਨੇ ''ਬਹੁਤ ਸਾਰੇ ਸ਼ਹੀਦ ਅਤੇ ਈਮਾਨ ਦਾ ਇਕਰਾਰ ਕਰਨ ਵਾਲੇ ਤਿਆਰ ਕੀਤੇ ਸਨ।''

**ਬਾਬੁਲ**

ਕਈ ਸਾਲਾਂ ਤਕ (ਲਗਭਗ 854-612 ਈ.ਪੂ.) ਅੱਸ਼ੂਰ ਦੁਨੀਆ ਦੀ ਇਕ ਬਹੁਤ ਵੱਡੀ ਸ਼ਕਤੀ ਸੀ ਜਿਹਦੀ ਰਾਜਧਾਨੀ ਨੀਨਵਾਹ ਸੀ। ਫਲਸਤੀਨ ਦੇ ਦੋ ਨਬੀਆਂ ਨੇ ਬਾਬੁਲ ਜਾਂ ਕਸਦੀਮ[1] ਦੀ ਬਰਬਾਦੀ ਦੀ ਗੱਲ ਕੀਤੀ (ਲਗਭਗ 605-538 ਈ.ਪੂ.) ਜਿਹਦੀ ਰਾਜਧਾਨੀ ਬਾਬੁਲ ਸੀ। ਮਨੁੱਖੀ ਅੰਤਰ-ਦ੍ਰਿਸ਼ਟੀ ਅੱਸ਼ੂਰ ਦੀ ਬਰਬਾਦੀ ਨੂੰ ਸਮੇਂ ਤੋਂ ਪਹਿਲਾਂ ਨਹੀਂ ਵੇਖ ਸਕੀ ਸੀ, ਪਰ ਖ਼ੁਦਾ ਦੀ ਪ੍ਰੇਰਣਾ ਪਾਏ ਹੋਏ ਨਬੀ ਯਸਾਯਾਹ ਨੇ ਬੜੀ ਮਜ਼ਬੂਤੀ ਨਾਲ ਇਹਦੇ ਉੱਠਣ ਅਤੇ ਡਿੱਗਣ ਦਾ ਹੀ ਨਹੀਂ ਬਲਕਿ ਇਕ ਹੋਰ ਵਿਸ਼ਵ ਸ਼ਕਤੀ, ਬਾਬੁਲ ਦੇ ਡਿੱਗਣ ਦਾ ਵੀ ਐਲਾਨ ਕਰ ਦਿੱਤਾ (ਯਸਾਯਾਹ 13:19; 21:9)। ਉਸ ਹਕੂਮਤ ਦੇ ਡਿੱਗਣ ਦੀ ਨਬੂਵਤ ਇਹਦੇ ਡਿੱਗਣ ਤੋਂ ਲਗਭਗ ਦੋ ਸਦੀਆਂ ਪਹਿਲਾਂ ਕੀਤੀ ਗਈ ਸੀ। ਫਿਰ ਬਾਬੁਲ ਦੇ ਉੱਠਣ ਦੇ ਬਾਅਦ ਖ਼ੁਦਾ ਨੇ ਉਸ ਘਟਨਾ ਦੇ 56 ਸਾਲ ਪਹਿਲਾਂ ਉਸ ਕੌਮ ਦੀ ਬਰਬਾਦੀ ਦਾ ਸੰਦੇਸ਼

ਦੇ ਕੇ ਇਕ ਹੋਰ ਨਬੀ ਨੂੰ ਭੇਜਿਆ (ਯਿਰਮਿਯਾਹ 25:12; 27:8; 50:10; 51:24; ਹਬੱਕੂਕ 2 ਵੀ ਵੇਖੋ)।

ਜੇ ਕਦੇ ਕੋਈ ਸ਼ਹਿਰ ਅਜਿੱਤ ਲਗਦਾ ਹੋਵੇਗਾ ਤਾਂ ਉਹ ਬਾਬੁਲ ਹੀ ਸੀ। ਪਿੱਤਲ ਦੇ ਫ਼ਾਟਕਾਂ ਵਾਲੀਆਂ ਇਹਦੀਆਂ ਉੱਚੀਆਂ, ਮੋਟੀਆਂ ਕੰਧਾਂ ਹਮਲਾਵਰਾਂ ਨੂੰ ਖਦੇੜ ਦਿੰਦੀਆਂ ਸਨ, ਪਰ ਯਹੂਦੀਆ ਵਿਚ ਰਹਿਣ ਵਾਲੇ ਖ਼ੁਦਾ ਦੇ ਨਬੀਆਂ ਨੇ ਇਹ ਐਲਾਨ ਕਰਨ ਦੀ ਹਿੰਮਤ ਕੀਤੀ ਕਿ ਇਹ ਸ਼ਹਿਰ ਡਿੱਗ ਪਵੇਗਾ।

ਬਾਬੁਲ ਦੇ ਡਿੱਗਣ ਦੀਆਂ ਗੱਲਾਂ ਦਾ ਐਲਾਨ ਵਿਸਤਾਰ ਵਿਚ ਕੀਤਾ ਗਿਆ ਸੀ। ਮਾਦੀਆਂ ਅਤੇ ਏਲਾਮੀਆਂ (ਫ਼ਾਰਸੀਆਂ) ਦੇ ਹਮਲੇ ਕਾਮਯਾਬ ਹੋਣੇ ਸਨ ਅਤੇ ਉਨ੍ਹਾਂ ਦੇ ਨਾਂ ਤਕ ਵੀ ਦੱਸ ਦਿੱਤੇ ਗਏ ਸਨ (ਦਾਨੀਏਲ 5:28)। ਉਨ੍ਹਾਂ ਦੇ ਰਾਜੇ ਖੋਰੁਸ ਦਾ ਵੀ ਨਾਂ ਲੈ ਕੇ ਨਬੂਵਤ ਕੀਤੀ ਗਈ ਸੀ (ਯਸਾਯਾਹ 44:28)। ਵੱਖ-ਵੱਖ ਕੌਮਾਂ ਨੇ ਜਿਨ੍ਹਾਂ 'ਤੇ ਉਹਨੇ ਫ਼ਤਹਿ ਪਾਉਣੀ ਸੀ, ਉਹਦੇ 'ਤੇ ਹਮਲਾ ਕਰਨ ਵਾਲੀਆਂ ਫ਼ੌਜਾਂ ਹੋਣਾ ਸਨ (ਯਿਰਮਿਯਾਹ 50:27-32)। ਦਰਿਆ ਸੁੱਕ ਜਾਣਾ ਸੀ (ਯਸਾਯਾਹ 44:27; ਯਿਰਮਿਯਾਹ 51:36)। ਇਹ ਨਬੂਵਤ 538 ਈ.ਪੂ. ਵਿਚ ਪੂਰੀ ਹੋਈ ਸੀ ਜਦ ਖੋਰੁਸ ਨੇ ਫਰਾਤ ਦਰਿਆ ਦਾ ਵਹਾਅ ਬਦਲ ਕੇ ਆਪਣਾ ਰਾਹ ਉਸ ਸੁੱਕੇ ਦਰਿਆ ਵਿੱਚੋਂ ਦੀ ਬਣਾਇਆ ਸੀ। ਬਾਬੁਲ ਵਿਚ ਸੁੱਕੇ ਦਰਿਆ ਅਤੇ ਮਸਤੀ ਦੀਆਂ ਨਬੂਵਤਾਂ ਕੀਤੀਆਂ ਗਈਆਂ ਸਨ (ਯਿਰਮਿਯਾਹ 51:39, 58)। ਕੁਝ ਫ਼ਾਟਕ ਖੁੱਲ੍ਹੇ ਰਹਿ ਜਾਣੇ ਸਨ (ਯਸਾਯਾਹ 45:1)। ਇਹ ਨਬੂਵਤਾਂ ਉਸ ਵਕਤ ਪੂਰੀਆਂ ਹੋਈਆਂ ਜਦ ਇਕ ਸਮਾਰੋਹ ਦੌਰਾਨ ਦੋਵੇਂ ਪਾਸਿਓਂ ਸ਼ਹਿਰ ਦੇ ਅੰਦਰੂਨੀ ਫ਼ਾਟਕ ਲਾਪਰਵਾਹੀ ਨਾਲ ਖੁੱਲ੍ਹੇ ਰਹੇ ਅਤੇ ਖੋਰੁਸ ਦੇ ਸਿਪਾਹੀਆਂ ਨੇ ਸ਼ਰਾਬ ਦੇ ਨਸ਼ੇ 'ਚ ਮਸਤ ਹੋਏ ਪਹਿਰੇਦਾਰਾਂ ਨੂੰ ਹੱਕੇ-ਬੱਕੇ ਕਰ ਦਿੱਤਾ। ਨਬੀ ਨੇ ਕਿਹਾ ਸੀ, ਬਹੁਤ ਸਾਰੀ ਦੌਲਤ ਲੈ ਲਈ ਜਾਵੇਗੀ (ਯਸਾਯਾਹ 45:3) ਅਤੇ ਇਸੇ ਤਰ੍ਹਾਂ ਹੋਇਆ ਵੀ।

ਪੂਰੀ ਤਰ੍ਹਾਂ ਨਾਲ ਬਰਬਾਦੀ ਬਾਬੁਲ ਦਾ ਭਾਗ ਹੋਣਾ ਸੀ (ਯਸਾਯਾਹ 47:11)। ਇਹ ਸਭ ਹੌਲੀ-ਹੌਲੀ ਪੂਰਾ ਹੋਣਾ ਸੀ। ਖੋਰੁਸ ਵੱਲੋਂ ਸ਼ਹਿਰ ਨੂੰ ਹਰਾ ਦੇਣ ਦੇ ਬਾਅਦ ਫ਼ਾਰਸੀ ਰਾਜੇ ਦਾਰੀਅਸ ਅਤੇ ਉਹਦੇ ਬਾਅਦ ਸਿਕੰਦਰ ਮਹਾਨ ਨੇ ਇਸ 'ਤੇ ਫੇਰ ਕਬਜ਼ਾ ਕਰ ਲੈਣਾ ਸੀ। ਦੂਜੀ ਸਦੀ ਤਕ ਕੰਧਾਂ ਤੋਂ ਇਲਾਵਾ ਹੋਰ ਕੁਝ ਨਹੀਂ ਬਚਿਆ ਸੀ। ਸਾਰਸੀਨ ਦੇ ਵਕਤ ਤਕ ਰੇਗਿਸਤਾਨੀ ਤੂਫਾਨਾਂ ਨੇ ਕਿਸੇ ਸਮੇਂ ਦੀਆਂ ਵੱਡੀਆਂ-ਵੱਡੀਆਂ ਪੁਰਾਣੀਆਂ ਕੰਧਾਂ ਢੱਕ ਦਿੱਤੀਆਂ ਸਨ ਜਿਸ ਨਾਲ ਤਬਾਹੀ ਦਾ ਕੰਮ ਪੂਰਾ ਹੋ ਗਿਆ ਸੀ। ਨਬੀਆਂ ਨੇ ਪਾਣੀ ਦੇ ਖੜ੍ਹਾ ਹੋਣ (ਯਸਾਯਾਹ 14:23) ਅਤੇ ਉਜਾੜ ਅਤੇ ਮਰੂਥਲ ਦੀ ਗੱਲ ਕੀਤੀ ਸੀ (ਯਿਰਮਿਯਾਹ 51:43)। ਦੋਵੇਂ ਪੇਸ਼ਨਗੋਈਆਂ ਪੂਰੀਆਂ ਹੋ ਚੁੱਕੀਆਂ ਸਨ, ਬਾਬੁਲ ਦੇ ਸੁੱਕੇ ਮਰੂਥਲ ਵਿਚ ਬਰਸਾਤੀ ਤਲਾਅ ਅਤੇ ਪਾਣੀ ਖਲੋਤਾ ਹੀ ਮਿਲਦਾ ਹੈ।

ਨਬੂਵਤ ਕੀਤੀ ਗਈ ਸੀ ਕਿ ਸ਼ਕਤੀਸ਼ਾਲੀ ਬਾਬੁਲ ਰਾਜਿਆਂ ਦੀ ਸ਼ਾਨ ਭਾਵ ਕਸਦੀਆਂ ਦੀ ਖ਼ੂਬਸੂਰਤੀ ਤਾ ਹੰਕਾਰ ਬਣ ਕੇ ਉਭਰੇਗਾ (ਯਸਾਯਾਹ 13:19)। ਫਿਰ ਇਹ ਐਨਾ ਉਜਾੜ ਹੋ ਜਾਵੇਗਾ ਕਿ ਖ਼ੌਫ਼ਜ਼ਦਾ ਗਡਰੀਏ ਇਹਦੇ ਇਲਾਕੇ ਵਿਚ ਰਾਤ ਨਹੀਂ ਕੱਟਣਗੇ (ਯਸਾਯਾਹ 13:20)। ਜੰਗਲੀ ਜਾਨਵਰ ਅਤੇ ਚੰਘਿਆੜਨ ਵਾਲੇ ਜਾਨਵਰ ਇਸ ਵਿਚ ਡੇਰਾ ਲਾਉਣਗੇ (ਯਸਾਯਾਹ 13:21, 22)। ਇਹਦੇ ਸ਼ਾਨਦਾਰ ਰਾਜਭਵਨਾਂ ਵਿਚ ਕੀੜੇ-ਮਕੌੜੇ ਅਤੇ ਰੰਗਮਹਿਲਾਂ ਵਿਚ ਗਿੱਦੜ ਬੋਲਿਆ ਕਰਨਗੇ (ਯਸਾਯਾਹ 13:22)। ਅੱਧਾ ਮੀਲ ਘੇਰੇ ਵਾਲਾ 600 ਫੁੱਟ

ਉੱਚਾ ਬੇਲੁਸ ਦਾ ਇਹਦਾ ਬੇਹੱਦ ਵੱਡਾ ਮੰਦਰ ਖੰਡਰ ਹੋ ਜਾਵੇਗਾ (ਵੇਖੋ ਯਿਰਮਿਯਾਹ 51:37)। ਨਬੀ ਦੀ ਪੇਸ਼ਨਗੋਈ ਮੁਤਾਬਕ ਉਸ ਇਲਾਕੇ ਵਿਚ ਜਾਣ ਵਾਲੇ ਮੁਸਾਫ਼ਰ ਹੈਰਾਨ ਹੁੰਦੇ ਹਨ (ਯਿਰਮਿਯਾਹ 51:43)।

ਭਾਰਤ ਨੂੰ ਜਾਣ ਲਈ ਕੇਪ ਆਫ਼ ਗੁੱਡ ਹੋਪ ਦੀ ਨਵੀਂ ਖੋਜ ਕਰਕੇ ਸ਼ਾਇਦ ਇਕ ਨਵਾਂ ਰਾਹ ਦੇਣ ਕਰਕੇ ਬਾਬੁਲ ਦਾ ਕੁਝ ਹਿੱਸਾ ਅੱਜ ਵੀ ਉਜਾੜ ਹੈ। ਇਹ ਉਜਾੜ ਜਿਸ ਵੀ ਕਾਰਣ ਹੋਵੇ, ਪਰ ਹੈ ਇਹ ਨਬੀਆਂ ਦੀ ਗੱਲ ਦਾ ਪੂਰਾ ਹੋਣਾ ਕਿ ਇਹ ਹਮੇਸ਼ਾ ਲਈ ਉਜਾੜ ਹੋ ਜਾਵੇਗਾ। ਖ਼ੁਦਾ ਦੇ ਹੱਥ ਦੀ ਲਿਖਤ ਬਾਈਬਲ ਅੱਜ ਵੀ ਮਿਲਦੀ ਹੈ ਅਤੇ ਬਾਬੁਲ ਦੇ ਉਜਾੜ ਥਾਂ 'ਤੇ ਵੀ ਇਸਨੂੰ ਓਨੀ ਹੀ ਸਫ਼ਾਈ ਨਾਲ ਵੇਖਿਆ ਜਾ ਸਕਦਾ ਹੈ।

#### ਨੀਨਵਾਹ

''ਤਿੰਨ ਦਿਨਾਂ ਦੇ ਪੈਂਡੇ'' ਵਾਲਾ ਨੀਨਵਾਹ 60 ਮੀਲ ਦੇ ਘੇਰੇ ਵਿਚ ਇਕ ਬਹੁਤ ਵੱਡਾ ਸ਼ਹਿਰ ਸੀ (ਯੂਨਾਹ 3:3)। ਇਹਦੀਆਂ ਸੌ ਫੁੱਟ ਉੱਚੀਆਂ ਕੰਧਾਂ ਤੇ ਦੋ-ਦੋ ਸੌ ਫੁੱਟ ਪੰਦਰਾਂ ਸੌ ਬੁਰਜ ਸਨ। ਇਹਦੀ ਸ਼ਕਤੀ ਦੇ ਬਾਵਜੂਦ, ਸ਼ਹਿਰ ਦੇ ਪਾਪ ਕਰਕੇ ਖ਼ੁਦਾ ਵੱਲੋਂ ਇਹਦੀ ਬਰਬਾਰੀ ਦੀ ਪੇਸ਼ਨਗੋਈ ਹੋ ਗਈ ਸੀ। ਉਹਦੀ ਪੇਸ਼ਨਗੋਈ ਇਹ ਸੀ ਕਿ ਇਹਦੀ ਬਰਬਾਦੀ ਠਾਠਾਂ ਮਾਰਦੇ ਹੜ੍ਹ (ਨਹੂਮ 1:1, 8; 2:6) ਅਤੇ ਅੱਗ ਨਾਲ ਹੋਵੇਗੀ (ਨਹੂਮ 3:13)। 612 ਈ.ਪੂ. ਵਿਚ ਦੋਵੇਂ ਗੱਲਾਂ ਪੂਰੀਆਂ ਹੋ ਗਈਆਂ। ਟਿਗਰਿਸ ਦਰਿਆ ਦਾ ਪਾਣੀ ਸ਼ਹਿਰ ਦੇ ਕੁਝ ਇਲਾਕਿਆਂ ਵਿਚ ਭਰ ਆਇਆ ਜਿਸ ਨਾਲ ਇਹਦੀ ਸ਼ਹਿਰਪਨਾਹ ਦਾ ਕੁਝ ਹਿੱਸਾ ਵਹਿ ਗਿਆ ਅਤੇ ਦੁਸ਼ਮਣ ਸ਼ਹਿਰ ਵਿਚ ਚੜ੍ਹ ਆਏ। ਰਾਜੇ ਨੇ ਆਪਣਾ ਮਹਿਲ, ਘਰ ਅਤੇ ਆਪਣੇ ਆਪ ਨੂੰ ਸਾੜ ਕੇ ਸ਼ਮਸ਼ਾਨ ਬਣਾ ਦਿੱਤਾ। ਖ਼ੁਦਾ ਨੇ ਇਹ ਵੀ ਪੇਸ਼ਨਗੋਈ ਕੀਤੀ ਸੀ ਕਿ ਲੁੱਟ ਦੇ ਤੌਰ 'ਤੇ ਸੋਨਾ ਲਿਆ ਜਾਵੇਗਾ (ਨਹੂਮ 2:9), ਜਿਹਦੀ ਸੱਚਾਈ ਨੂੰ ਇਤਿਹਾਸ ਨੇ ਸਾਬਤ ਕਰ ਦਿੱਤਾ। ਅੱਜ ਨੀਨਵਾਹ ਉਜਾੜ ਬਣ ਚੁੱਕਾ ਹੈ ਅਤੇ ਇਹਦੇ ਮਸ਼ਹੂਰ ਨਾਂ ਦੇ ਖ਼ਤਮ ਹੋਣ ਦਾ ਖ਼ਤਰਾ ਹੈ।

#### ਦਮਿਸ਼ਕ

ਆਮੋਸ ਨੇ ਨਬੂਵਤ ਕੀਤੀ ਸੀ ਕਿ ਦਮਿਸ਼ਕ ਨੂੰ ਅੱਗ ਨਾਲ ਸਜ਼ਾ ਦਿੱਤੀ ਜਾਵੇਗੀ (ਆਮੋਸ 1:3-14)। ਯਸਾਯਾਹ ਨੇ ਦਾਅਵਾ ਕੀਤਾ ਸੀ ਕਿ ਇਹ ਖੰਡਰ ਦਾ ਢੇਰ ਬਣ ਜਾਵੇਗਾ (ਯਸਾਯਾਹ 17:1)। ਅੱਜ ਦਮਿਸ਼ਕ ਦਾ ਵਜੂਦ ਤਾਂ ਹੈ ਪਰ ਇਹ ਪੇਸ਼ਨਗੋਈਆਂ ਵੀ ਪੂਰੀਆਂ ਹੋ ਚੁੱਕੀਆਂ ਹਨ। ਇਹ ਕਈ ਵਾਰ ਥੇਹ ਬਣ ਚੁੱਕਾ ਹੈ। ਅਠਵੀਂ ਸਦੀ ਈ.ਪੂ. ਵਿਚ, ਅੱਸ਼ੂਰੀਆਂ ਦੇ ਰਾਜੇ ਨੇ ਦਮਿਸ਼ਕ 'ਤੇ ਕਬਜ਼ਾ ਕਰ ਲਿਆ ਅਤੇ ਇਹਦੇ ਰਹਿਣ ਵਾਲਿਆਂ ਨੂੰ ਬਾਹਰ ਕੱਢ ਦਿੱਤਾ ਸੀ। ਦਮਿਸ਼ਕ 'ਤੇ ਸਿਕੰਦਰ ਮਹਾਨ ਅਤੇ ਫਿਰ ਸਾਰਸੀਨੀਆਂ ਨੇ ਜਿੱਤ ਪਾਈ ਸੀ।

## ਕੌਮਾਂ ਅਤੇ ਲੋਕਾਂ ਨਾਲ ਜੁੜੀਆਂ ਨਬੂਵਤਾਂ

#### ਇਬਰਾਨੀ

ਇਬਰਾਨੀ ਲੋਕਾਂ ਬਾਰੇ ਬਹੁਤੀਆਂ ਪੇਸ਼ਨਗੋਈਆਂ ਦਿੱਤੀਆਂ ਗਈਆਂ ਹਨ। ਉਹ ਮਿਸਰ

ਵਿਚ ਗੁਲਾਮ ਹੋਣਗੇ (ਉਤਪਤ 15: 13, 14)। ਉਹ ਠਹਿਰਾਏ ਹੋਏ ਸਮੇਂ 'ਤੇ ਛੁੱਟਣਗੇ (ਉਤਪਤ 46:4)। ਉਨ੍ਹਾਂ ਨੂੰ ਕਨਾਨ ਦੇਸ਼ ਦਿੱਤਾ ਜਾਵੇਗਾ (ਉਤਪਤ 15:18)। ਉਨ੍ਹਾਂ ਦੀ ਕੌਮ ਮਹਾਨ ਹੋਵੇਗੀ (ਉਤਪਤ 46:3)। ਉਹ ਦੋ ਰਾਜ ਬਣ ਜਾਣਗੇ (1 ਰਾਜਿਆਂ 11:31)। ਦੱਖਣੀ ਰਾਜ ਅੱਸ਼ੂਰ ਤੋਂ ਬਚ ਜਾਵੇਗਾ ਪਰ ਬਾਬੁਲ ਦੇ ਹੱਥੀਂ ਦਿੱਤਾ ਜਾਵੇਗਾ (1 ਰਾਜਿਆਂ 14: 15, 16); ਪਰ ਇਹ ਪੂਰੀ ਤਰ੍ਹਾਂ ਬਰਬਾਦ ਨਹੀਂ ਹੋਵੇਗਾ। ਹੋਰ ਕੌਮਾਂ ਜਿਨ੍ਹਾਂ ਵਿਚ ਜੇਤੂ ਬਾਬੁਲ ਵੀ ਸੀ, ਖ਼ਤਮ ਹੋ ਜਾਣਗੇ, ਪਰ ਯਹੂਦਾ ਨਹੀਂ (ਯਸਾਯਾਹ 13:20)। ਯਹੂਦਾ ਸੱਤਰ ਸਾਲਾਂ ਤਕ ਬਾਬੁਲ ਦੀ ਸੇਵਾ ਕਰੇਗਾ ਅਤੇ ਫੇਰ ਬਹਾਲ ਹੋ ਜਾਵੇਗਾ (ਯਿਰਮਿਯਾਹ 25: 11, 12)। ਖ਼ੁਦਾ ਵਲੋਂ ਕੀਤੇ ਜਾਣ ਵਾਲੇ ਸੁਧਾਰ ਕਰਕੇ ਯਹੂਦਾ ਤੋਂ ਮੂਰਤੀਪੂਜਾ ਹਮੇਸ਼ਾ ਲਈ ਖ਼ਤਮ ਹੋ ਜਾਵੇਗੀ। ਬਾਅਦ ਵਿਚ ਉਹ (ਯਹੂਦਾ) ਖੂੰਜੇ ਦੇ ਆਪਣੇ ਪੱਥਰ ਨੂੰ ਰੱਦ ਕੇ ਹਾਰ ਜਾਵੇਗਾ (ਜ਼ਬੂਰ 118:22)।

ਇਬਰਾਨੀ ਲੋਕਾਂ ਬਾਰੇ ਕੀਤੀਆਂ ਗਈਆਂ ਇਨ੍ਹਾਂ ਨਬੂਵਤਾਂ ਦਾ ਪੂਰਾ ਹੋਣਾ ਇਸ ਗੱਲ ਦੀ ਗਵਾਹੀ ਹੈ ਕਿ ਇਹ ਵਚਨ ਖ਼ੁਦਾ ਦੇ ਆਤਮਾ ਤੋਂ ਹੈ। ਬਗੈਰ ਕਿਸੇ ਚਾਪਲੂਸੀ ਦੇ ਖ਼ਤਰੇ ਅਤੇ ਕਸ਼ਟ ਦੀਆਂ ਨਬੂਵਤਾਂ ਦੇ ਇਬਰਾਨੀ ਲੋਕਾਂ ਵੱਲੋਂ ਇਬਰਾਨੀ ਲੋਕਾਂ ਲਈ ਕੀਤੀਆਂ ਗਈਆਂ ਸਨ। ਇਕ-ਇਕ ਕਰਕੇ ਉਹ ਨਬੂਵਤਾਂ ਪੂਰੀਆਂ ਹੋ ਚੁਕੀਆਂ ਹਨ। ਫ੍ਰੈਡਰਿਕ ਮਹਾਨ ਨੇ ਆਪਣੇ ਕੋਰਟ ਚੈਪਲੇਨ ਨੂੰ ਇਕ ਵਾਰ ਬਾਈਬਲ ਦੇ ਖ਼ੁਦਾ ਦੇ ਆਤਮਾ ਤੋਂ ਹੋਣ ਦਾ ਸਬੂਤ ਦੇਣ ਲਈ ਕਿਹਾ ਗਿਆ ਸੀ। ਉਹਨੇ ਫੁਰਤੀ ਨਾਲ ਜਵਾਬ ਦਿੱਤਾ, ''ਜਨਾਬ, ਯਹੂਦੀ ਲੋਕ।''

**ਅਰਬੀ**

ਇਸਮਾਏਲ ਦੀ ਸੰਤਾਨ ਨੂੰ ਖ਼ੁਦਾ ਨੇ ਲੜਾਕੇ ਨਹੀਂ ਬਣਾਇਆ, ਪਰ ਉਹਨੂੰ ਪਤਾ ਸੀ ਕਿ ਉਹ ਲੜਾਕੇ ਹੀ ਹੋਣਗੇ ਅਤੇ ਇਹੀ ਨਬੂਵਤ ਹੋਈ (ਉਤਪਤ 16: 12)। ਹੋਰ ਕੌਮਾਂ ਦੀ ਬਰਬਾਦੀ ਦੇ ਮੁਕਾਬਲੇ, ਅਰਬੀਆਂ ਦੇ ਖ਼ਤਮ ਹੋਣ ਦੀ ਕੋਈ ਧਮਕੀ ਨਹੀਂ ਮਿਲਦੀ। ਦੂਜੀਆਂ ਕੌਮਾਂ ਦੀ ਤਬਾਹੀ ਹੋਵੇਗੀ ਪਰ ਖ਼ੁਦਾ ਦੇ ਐਲਾਨਾਂ ਮੁਤਾਬਕ ਅਰਬੀ ਲੋਕ ਅਜੇ ਵੀ ਸ਼ਕਤੀਸਾਲੀ ਲੋਕ ਹਨ।

**ਮੋਆਬੀ**

ਕਿਸੇ ਜ਼ਮਾਨੇ ਵਿਚ ਮੋਆਬੀਆਂ ਦੀ ਅਬਾਦੀ ਕਾਫ਼ੀ ਸੀ ਅਤੇ ਉਹ ਸ਼ਕਤੀਸ਼ਾਲੀ ਲੋਕ ਸਨ। ਉਨ੍ਹਾਂ ਦਾ ਦੇਸ਼ ਉਪਜਾਊ ਸੀ ਅਤੇ ਉਨ੍ਹਾਂ ਦੇ ਸ਼ਹਿਰ ਵੱਡੇ-ਵੱਡੇ ਸਨ। ਉਨ੍ਹਾਂ ਦੇ ਪਾਪਾਂ ਕਰਕੇ ਖ਼ੁਦਾ ਨੇ ਨਬੂਵਤ ਕੀਤੀ ਕਿ ਉਨ੍ਹਾਂ ਦੀ ਧਰਤੀ ਬਿੱਛੂਆਂ ਦਾ ਵਾਸ ਅਤੇ ਲੂਣ ਦੀਆਂ ਖਾਨਾਂ ਬਣ ਜਾਣਗੀਆਂ (ਸਫ਼ਨਯਾਹ 2:9) ਭਾਵ ਹਰ ਸ਼ਹਿਰ ਬਰਬਾਦ ਹੋ ਜਾਵੇਗਾ ਅਤੇ ਲੋਕਾਂ ਦੇ ਰੂਪ ਵਿਚ ਮੋਆਬ ਖ਼ਤਮ ਹੋ ਜਾਵੇਗਾ (ਯਿਰਮਿਯਾਹ 48:42)। ਨਬੂਵਤ ਦੇ ਅੱਖਰ-ਅੱਖਰ ਪੂਰਾ ਹੋਣ ਕਰਕੇ, ਅੱਜ ਮੁਸਾਫ਼ਰਾਂ ਨੂੰ ਪੁਰਾਣੇ ਸ਼ਹਿਰਾਂ ਦੇ ਖੰਡਰ ਹੀ ਮਿਲਦੇ ਹਨ। ਕੁਝ ਗੁਫ਼ਾਵਾਂ ਅਤੇ ਚੱਟਾਨਾਂ ਵਿਚ ਲੋਕ ਰਹਿੰਦੇ ਤਾਂ ਹਨ, ਪਰ ਕੌਮ ਦੇ ਰੂਪ ਵਿਚ ਮੋਆਬ ਦਾ ਵਜੂਦ ਨਹੀਂ ਹੈ।

**ਅੰਮੋਨੀ**

ਮੋਆਬੀਆਂ ਵਾਂਗ ਅੰਮੋਨੀ ਲੋਕ ਵੀ ਉਪਜਾਊ ਜ਼ਮੀਨ ਤੇ ਰਹਿੰਦੇ ਸਨ ਅਤੇ ਉਨ੍ਹਾਂ ਦੇ ਦੇਸ਼

ਦੀ ਅਬਾਦੀ ਸੰਘਣੀ ਸੀ। ਉਨ੍ਹਾਂ ਦੇ ਪਾਪਾਂ ਕਰਕੇ ਖ਼ੁਦਾ ਦੇ ਨਬੂਵਤ ਦੇ ਵਚਨ ਨਾਲ ਅੰਮੋਨੀਆਂ ਦੀ ਪੂਰੀ ਬਰਬਾਦੀ ਦੀ ਅਗਾਊਂ ਸੂਚਨਾ ਦੇ ਦਿੱਤੀ ਗਈ। ਰੱਬਾਹ ਉਜਾੜ ਤੇ ਖੰਡਰ ਹੋ ਜਾਵੇਗਾ (ਯਿਰਮਿਯਾਹ 49:2)। ਇਹ ਇਸੇ ਹਾਲਤ ਵਿਚ ਮਿਲਦਾ ਹੈ। ਨਬੀ ਨੇ ਦਾਅਵਾ ਕੀਤਾ ਸੀ ਕਿ ਅੰਮੋਨ ਦਾ ਪਿੰਡ ''ਹਮੇਸ਼ਾ ਉੱਜੜਿਆ'' ਰਹੇਗਾ (ਸਫ਼ਨਯਾਹ 2:9)। ਅੱਜ ਇਹਦੇ ਚਾਰੇ ਪਾਸੇ ਖੰਡਰ ਹਨ। ਕੌਮ ਦੇ ਰੂਪ ਵਿਚ ਅੰਮੋਨ ਨੇ ਲੋਕਾਂ ਤੋਂ ਕੱਟੇ ਜਾਣਾ ਸੀ ਅਤੇ ਮੁੜ ਉਹਦੀ ਯਾਦ ਨਹੀਂ ਰਹਿਣੀ ਸੀ ( ਹਿਜ਼ਕੀਏਲ 25:7, 10)। ਅੱਜ ਕੋਈ ਵੀ ਆਪਣੇ ਆਪ ਨੂੰ ਅੰਮੋਨੀ ਨਹੀਂ ਆਖਦਾ, ਨਾ ਕੋਈ ਕੌਮ ਉਨ੍ਹਾਂ ਲੋਕਾਂ ਦੀ ਸੰਤਾਨ ਹੋਣ ਦਾ ਦਾਅਵਾ ਕਰਦੀ ਹੈ।

**ਅਦੋਮੀ**

ਸਤਾਰਾਂ ਸੌ ਸਾਲਾਂ ਤਕ ਅਦੋਮੀ ਲੋਕ ਇਕ ਵੱਡੀ ਅਤੇ ਸ਼ਕਤੀਸ਼ਾਲੀ ਕੌਮ ਰਹੇ। ਅਦੋਮ ਵਿਚ ਬਹੁਤ ਸਾਰੇ ਸ਼ਹਿਰ ਸਨ। ਇਹਦੀ ਰਾਜਧਾਨੀ (ਸੈਲਾ) ਇਕ ਵਪਾਰਕ ਕੇਂਦਰ ਸੀ, ਜੋ ਮਿਸਰ, ਫ਼ਲਸਤੀਨ ਅਤੇ ਸੀਰੀਆ ਤੋਂ ਆਉਣ ਵਾਲੇ ਲੋਕਾਂ ਦੇ ਕਾਰਵਾਂ ਨੂੰ ਆਪਣੇ ਵੱਲ ਖਿੱਚਦਾ ਸੀ। ਇਹਦੇ ਇਲਾਵਾ ਅਦੋਮੀਆਂ ਨੂੰ ਖਗੋਲ ਵਿਗਿਆਨ ਅਤੇ ਸਮੁੰਦਰੀ ਰਾਹਾਂ ਦੀ ਖੋਜ ਦੀ ਸ਼ੁਰੂਆਤ ਦਾ ਮਾਣ ਵੀ ਦਿੱਤਾ ਜਾਂਦਾ ਹੈ।

ਕਿਸੇ ਵਕਤ ਦੀ ਇਸ ਵੱਡੀ ਕੌਮ ਦੇ ਪਾਪਾਂ ਕਰਕੇ ਇਸ ਤੇ ਖ਼ੁਦਾ ਦਾ ਨਿਆਂ ਅਦੇ ਲਾਨ੍ਹਤ ਪਈ। ਨਬੀਆਂ ਮੁਤਾਬਕ ਇਸ ਅਮੀਰ ਅਤੇ ਖ਼ੁਸ਼ਹਾਲ ਕੌਮ ਨੇ ਪੀੜ੍ਹੀ ਤੋਂ ਪੀੜ੍ਹੀ ਤਕ ਉੱਜੜ ਜਾਣਾ ਸੀ (ਯਸਾਯਾਹ 34:5-10)। ਲੋਕਾਂ ਦੇ ਨਾ ਰਹਿਣ ਕਰਕੇ ਇਸ ਵਿਚ ਕੰਡਿਆਂ, ਝਾੜੀਆਂ, ਸਿਆਰ, ਬਘਿਆੜਾਂ ਅਤੇ ਸੱਪਾਂ ਦੀ ਭਰਮਾਰ ਹੋਣੀ ਸੀ (ਯਸਾਸਾਹ 34:13-15; ਯਿਰਮਿਯਾਹ 49 ਵੀ ਵੇਖੋ)। ਅਦੋਮ ਦਾ ਨਾਸ਼ ਹੋ ਜਾਣਾ ਸੀ।

ਇਨ੍ਹਾਂ ਖਤਰਨਾਕ ਨਬੂਵਤਾਂ ਦਾ ਦੁਖਦ ਢੰਗ ਨਾਲ ਪੂਰਾ ਹੋਣਾ ਬਾਈਬਲ ਦਾ ਸਨਮਾਨ ਕਰਨ ਦਾ ਫਰਮਾਨ ਦਿੰਦਾ ਹੈ। ਉਨੀਂ ਸੌ ਸਾਲਾਂ ਤੋਂ ਕੌਮ ਦੇ ਰੂਪ ਵਿਚ ਅਦੋਮ ਦਾ ਕੋਈ ਵਜੂਦ ਨਹੀਂ ਹੈ। ਅੱਜ ਕੋਈ ਆਪਣੇ ਆਪ ਨੂੰ ਅਦੋਮੀ ਹੋਣ ਦਾ ਦਾਅਵਾ ਨਹੀਂ ਕਰਦਾ। ਇਨਸਾਨ ਇਹਦੇ ਅਮੀਰ ਅਤੇ ਖ਼ੁਸ਼ਹਾਲ ਸ਼ਹਿਰ ਪੈਟਰਾ ਦੇ ਉਜਾੜ ਅਤੇ ਵੀਰਾਨ ਹੋਣ ਦੀ ਕਲਪਨਾ ਹੀ ਕਰ ਸਕਦਾ ਹੈ। ਸਦੀਆਂ ਤਕ ਇਹਦੇ ਉਜਾੜ ਅਤੇ ਬੰਜਰ ਰਹੀ। ਸਦੀਆਂ ਤਕ ਇਸ ਥਾਂ ਦਾ ਪਤਾ ਨਹੀਂ ਸੀ ਪਰ ਅਖੀਰ 'ਚ ਤੀਹ ਹੋਰ ਸ਼ਹਿਰਾਂ ਨਾਲ ਇਹਦੇ ਖੰਡਰ ਲੱਭ ਲਏ ਗਏ ਹਨ। ਜਾਨਵਰਾਂ ਨੂੰ ਚਰਾਉਣ ਵਾਲੇ ਕੁਝ ਅਰਬੀ ਲੋਕਾਂ ਨੂੰ ਛੱਡ ਨੇ ਇਹ ਸ਼ਹਿਰ ਉਜਾੜ ਪਏ ਹਨ ਅਤੇ ਉਹ ਵੀ ਬਿੱਛੂਆ ਕਰਕੇ ਉਨ੍ਹਾਂ ਖੰਡਰਾਂ ਵਿਚ ਜਾਣ ਤੋਂ ਕਤਰਾਉਂਦੇ ਹਨ।

**ਫ਼ਲਸਤੀਨੀ**

ਫ਼ਲਸਤੀਆ ਉਪਜਾਊ ਦੇਸ਼ ਵਿਚ ਰਹਿਣ ਵਾਲੀ ਇਕ ਵੱਡੀ ਕੌਮ ਸੀ। ਅਸ਼ਕਲੋਨ, ਅਸ਼ਦੋਦ ਏਕਰੋਨ ਅਤੇ ਗਾਜ਼ਾ ਇਹਦੇ ਪ੍ਰਮੁੱਖ ਸ਼ਹਿਰ ਸਨ। ਅਸ਼ਕਲੋਨ ਸ਼ਹਿਰ ਵਧੀਆ ਕਿਸਮ ਦੀ ਸ਼ਰਾਬ ਲਈ ਮਸ਼ਹੂਰ ਸੀ। ਅਸ਼ਦੋਦ ਨੇ ''ਇਤਿਹਾਸ ਦੀ ਸਭ ਤੋਂ ਲੰਮੀ ਘੇਰਾਬੰਦੀ'' ਦਾ ਸਾਹਮਣਾ ਕੀਤਾ ਸੀ। ਗਾਜ਼ਾ ਦੀ ਦੌਲਤ ਨਾਲ ਤਿਨੰ ਮੰਜ਼ਿਲਾ ਘਰ ਬਣੇ ਸਨ, ਜਿਨ੍ਹਾਂ ਵਿਚ ਕੰਧਾਂ ਤੇ ਪਲਸਤਰ ਅਤੇ ਵੱਡੇ-ਵੱਡੇ ਗੁਸਲਖ਼ਾਨੇ ਸਨ। ਇਹਦੇ ਕਿਲ੍ਹੇ ਐਨੇ ਮਜ਼ਬੂਤ ਸਨ ਕਿ ਦੋ ਮਹੀਨਿਆਂ ਤਕ ਸਿਕੰਦਰ ਮਹਾਨ ਦਾ ਮੁਕਾਬਲਾ ਕਰ ਸਕੇ ਸਨ।

ਪਰ ਪਾਪ ਕਿਸੇ ਲਈ ਵੀ ਦਾਗ਼ ਹੈ ਅਤੇ ਖ਼ੁਦਾ ਵੱਲੋਂ ਵਿਨਾਸ਼ ਦਾ ਸੁਨੇਹਾ ਲਿਆਉਂਦਾ ਹੈ। ਨਫ਼ਰਤ, ਬਗ਼ਾਵਤ ਅਤੇ ਹੋਰ ਪਾਪਾਂ ਕਰਕੇ ਫ਼ਲਸਤੀਆਂ 'ਤੇ ਖ਼ੁਦਾ ਵੱਲੋਂ ਬਰਬਾਦੀ ਦੀ ਪੇਸ਼ਨਗੋਈ ਹੋਈ। ਉਹਦੇ ਵੱਡੇ-ਵੱਡੇ ਸ਼ਹਿਰ ਥੇਹ ਬਣਾਏ ਜਾਣਗੇ। ਨਬੀਆਂ ਨੇ ਏਕਰੋਨ, ਅਸ਼ਕਲੋਨ, ਅਸ਼ਦੋਦ ਅਤੇ ਗਾਜ਼ਾ ਦਾ ਨਾਂ ਖਾਸ ਤੌਰ ਤੇ ਲਿਆ ਸੀ (ਸਫ਼ਨਯਾਹ 2:4)। ਮੁਸਾਫ਼ਰਾਂ ਨੂੰ ਫ਼ਲਸਤੀਆ ਇਕ ਉਜਾੜ ਦੇ ਰੂਪ ਵਿਚ ਮਿਲਿਆ ਹੈ, ਜਿੱਥੇ ਖਾਨਾਬਦੋਸ਼ ਅਰਬੀ ਆਪਣੇ ਡੰਗਰਾਂ ਨੂੰ ਚੁਰਾਉਂਦੇ ਸਨ। ਅਸ਼ਦੋਦ ਦੇ ਖੰਡਰ ਬਿੱਛੂਆਂ ਦੇ ਲਈ ਮਸ਼ਹੂਰ ਹਨ। ਜਿਹੜਾ ਥੇਹ ਪੁਰਾਣਾ ਏਕਰੋਨ ਸੀ, ਇਸ ਬਾਰੇ ਸਹੀ ਦੱਸਣ ਤੇ ਵਿਵਾਦ ਹੈ। ਸਿਕੰਦਰ ਮਹਾਨ ਨੇ **ਅੱਜ਼ਾਹ** ਨੂੰ ਪੂਰੀ ਤਰ੍ਹਾਂ ਤਬਾਹ ਕਰ ਕੇ ਸਮੁੰਦਰ ਤੋਂ ਲਗਭਗ ਦੋ ਮੀਲ ਦੂਰ ਇਸ ਨੂੰ ਫੇਰ ਬਣਾਇਆ। ਕੁਝ ਲੇਖਕ ਪਛਾਣ ਨਹੀਂ ਸਕੇ ਕਿ ਇਹ ਸ਼ਹਿਰ ਨਵੀਂ ਥਾਂ ਤੇ ਸੀ, ਪਰ ਦਰੁੱਸਤ ਲਿਖਣ ਵਾਲੇ ਲੋਕ ਇਹਨੂੰ ''ਪੁਰਾਣਾ ਗਾਜ਼ਾ'' ਅਤੇ ''ਨਵਾਂ ਗਾਜ਼ਾ'' ਆਖਦੇ ਹਨ। ਕਈਆਂ ਨੇ ਤਾਂ ਪੁਰਾਣੇ ਸ਼ਹਿਰ ਨੂੰ ''ਗਾਜ਼ਾ ਜੋ ਉਜਾੜ ਵਿਚ ਹੈ'' ਨਾਂ ਦਿੱਤਾ ਹੈ।

**ਮਿਸਰੀ**

ਖੁਸ਼ਹਾਲ ਮਿਸਰ ਵਿਚ ਕਿਸੇ ਵਕਤ ਵੀਹ ਹਜ਼ਾਰ ਸ਼ਹਿਰ ਸਨ; ਪਰ ਖ਼ੁਦਾ ਦੇ ਨਬੂਵਤ ਦੇ ਵਚਨ ਨੂੰ ਪੂਰਾ ਕਰਦਿਆਂ ਮਿਸਰ ਸੁਨਸਾਨ ਉਜਾੜ ਬਣ ਗਿਆ (ਹਿਜ਼ਕੀਏਲ 29:12)। ਅੱਜ ਵੀ ਮਿਸਰ ਦਾ ਜ਼ਿਆਦਾਤਰ ਹਿੱਸਾ ਉਜਾੜ ਹੀ ਹੈ। ਖ਼ੁਦਾ ਦੇ ਨਬੀ ਨੇ ਕਿਸੇ ਸਮੇਂ ਦੇ ਹੰਕਾਰੀ ਰਹੇ ਉਸ ਦੇਸ਼ ਵਿਚ ਸਥਾਨਕ ਹਾਕਮਾਂ ਦੇ ਖ਼ਤਮ ਹੋਣ ਦੀ ਨਬੂਵਤ ਕੀਤੀ ਸੀ (ਹਿਜ਼ਕੀਏਲ 29:15)। ਦੋ ਹਜ਼ਾਰ ਤੋਂ ਵੱਧ ਸਾਲ ਪਹਿਲਾਂ ਹੋਈ ਇਹ ਨਬੂਵਤ ਪੂਰੀ ਹੋ ਚੁਕੀ ਹੈ।

ਬਾਬੁਲ, ਨੀਨਵਾਹ, ਅੰਮੋਨ ਅਤੇ ਅਦੋਮ ਦੀਆਂ ਨਬੂਵਤਾਂ ਦੇ ਉਲਟ ਮਿਸਰ ਦੇ ਖਾਤਮੇ ਦਾ ਐਲਾਨ ਨਹੀਂ ਕੀਤਾ ਗਿਆ ਸੀ। ਨਬੀ ਨੇ ਮਿਸਰ ਦੇ ਸਤਿਆਨਾਸ ਦੀ ਨਹੀਂ ਬਲਕਿ ਗਿਰਾਵਟ ਦੀ ਅਗਾਊਂ ਸੂਚਨਾ ਦਿੱਤੀ ਸੀ ਕਿ ਇਹਨੇ ਰਾਜਾਂ ਵਿਚ ਸਭ ਤੋਂ ਛੋਟੇ ਹੋ ਜਾਣਾ ਸੀ (ਹਿਜ਼ਕੀਏਲ 29:15) ਅਤੇ ਦੋ ਹਜ਼ਾਰ ਸਾਲਾਂ ਤੋਂ ਇਸੇ ਹੀ ਤਰ੍ਹਾਂ ਹੈ। ਇਹਦੀ ਮਹਾਨਤਾ ਨੂੰ ਫੇਰ ਤੋਂ ਬਹਾਲ ਕਰਨ ਲਈ ਤਾਕਤਵਰ ਨੈਪੋਲੀਅਨ ਸਣੇ ਕਈਆਂ ਦੀਆਂ ਸਭ ਕੋਸ਼ਿਸ਼ਾਂ ਬੇਕਾਰ ਹੋ ਚੁਕੀਆਂ ਹਨ।

**ਮਸੀਹੀ ਲੋਕ**

ਪੁਰਾਣੇ ਨੇਮ ਦੇ ਨਬੀਆਂ ਨੂੰ ਆਉਣ ਵਾਲੇ ਇਕ ਰਾਜ ਦੀਆਂ ਮਹਾਨ ਗੱਲਾਂ ਦੀ ਅਗਾਊਂ ਸੂਚਨਾ ਦੇ ਦਿੱਤੀ ਗਈ ਸੀ। ਇਹਦਾ ਇੱਕੋ-ਇਕ ਰਾਜਾ ਦੂਜਾ ਦਾਊਦ ਹੋਣਾ ਸੀ। ਉਹਦਾ ਰਾਜ ਕਿਰਪਾ ਨਾਲ ਕਾਇਮ ਹੋਣਾ ਸੀ (ਯਸਾਯਾਹ 16:5)। ਉਹਨੇ ਸਰਬਸ਼ਕਤੀਮਾਨ ਪ੍ਰਮੇਸ਼ਵਰ ਅਖਵਾਉਣਾ ਸੀ (ਯਸਾਯਾਹ 9:6)। ਉਹਦੀ ਪਰਜਾ ਨੇ ਉਹਦੀ ਇੱਛਾ ਪੂਰੀ ਕਰਨੀ ਸੀ (ਯਸਾਯਾਹ 2:3)। ਰੋਮੀ ਹਕੂਮਤ ਦੇ ਦਿਨਾਂ ਤੋਂ ਲੈ ਕੇ ਉਹਦਾ ਰਾਜ ਰੂਹਾਨੀ ਰਾਜ ਹੋਣਾ ਸੀ (ਵੇਖੋ ਯਸਾਯਾਹ 2:4)। ਉਹਦੀ ਗੱਦੀ ਅਨੰਤਕਾਲ ਤਕ, ਅੰਤਰਰਾਸ਼ਟਰੀ ਅਤੇ ਅਵਿਨਾਸ਼ੀ ਹੋਣੀ ਸੀ (ਦਾਨੀਏਲ 2:44)।

ਇਨ੍ਹਾਂ ਪੇਸ਼ਨਗੋਈਆਂ ਦਾ ਪੂਰਾ ਹੋਣਾ ਅਚੰਭੇ ਦੀ ਗੱਲ ਸੀ! ਰੋਮੀ ਹਕੂਮਤ ਦੇ ਦਿਨਾਂ ਵਿਚ, ਇਕ ਰਾਜ ਜੋ ਇਸ ਜਗਤ ਦਾ ਨਹੀਂ, ਇਕ ਹਕੂਮਤ ਜੋ ਸਵਰਗ ਤੋਂ ਪਰਗਟ ਹੁੰਦੀ ਹੈ,

ਭਾਵ ਧਰਮ, ਆਨੰਦ ਅਤੇ ਸ਼ਾਂਤੀ ਦਾ ਰਾਜ ਇਸ ਧਰਤੀ 'ਤੇ ਸ਼ੁਰੂ ਹੋਇਆ ਸੀ, ਜਿਹਦਾ ਰਾਜਾ ਦਾਊਦ ਦਾ ਖ਼ੁਦਾਈ ਪੁੱਤਰ ਹੈ। ਇਸ ਸਵਰਗੀ ਰਾਜ ਦੇ ਲੋਕਾਂ ਨੂੰ ਮਸੀਹੀ ਆਖਿਆ ਜਾਂਦਾ ਸੀ। ਅਜਿਹੇ ਰਾਜ ਦੀ ਪੇਸ਼ਨਗੋਈ ਮਜ਼ਬੂਤੀ ਨਾਲ ਕੀਤੀ ਗਈ ਸੀ ਅਤੇ ਇਹਦੀ ਹਰ ਗੱਲ ਉਵੇਂ ਦੀ ਉਵੇਂ ਪੂਰਾ ਹੋਣਾ ਅਨਹੋਣਾ ਜਿਹਾ ਲਗਦਾ ਹੈ।

## ਲੋਕਾਂ ਦੇ ਨਾਵਾਂ ਨਾਲ ਨਬੂਵਤਾਂ

ਨਬੂਵਤ ਦਾ ਪੱਕਾ ਵਚਨ ਦਿੱਤੇ ਗਏ ਨਾਵਾਂ ਵਾਲੇ ਸ਼ਹਿਰਾਂ ਅਤੇ ਲੋਕਾਂ ਦੇ ਭਵਿੱਖ ਨੂੰ ਹੀ ਨਹੀਂ, ਬਲਕਿ ਖ਼ਾਸ ਲੋਕਾਂ ਦੇ ਭਵਿੱਖ ਨੂੰ ਵੀ ਵੇਖ ਸਕਦਾ ਸੀ।

### ਯੋਸੀਯਾਹ

ਘਟਨਾ ਤੋਂ ਤਿੰਨ ਕੁ ਸੌ ਸਾਲ ਪਹਿਲਾਂ ''ਖ਼ੁਦਾ ਦੇ ਦਾਸ'' ਨੇ ''ਯਹੋਵਾਹ ਦੇ ਵਚਨ ਲੈ ਕੇ'' (1 ਰਾਜਿਆਂ 13:1) ਨਾਲ ਦਾਊਦ ਦੀ ਸੰਤਾਨ ਵਿੱਚੋਂ ਇਕ ਦੇ ਨਾਂ ਦਾ ਅਤੇ ਉਸ ਸਭ ਦਾ ਜੋ ਕੁਝ ਉਹਨੇ ਕੀਤਾ, ਐਲਾਨ ਕਰਨਾ ਸੀ। ਉਹਦੀ ਨਬੂਵਤ ਵਿਚ ਦਾਊਦ ਦੇ ਕੁਲ ਵਿੱਚੋਂ ਇਕ ਪੁੱਤਰ ਦੀ ਗੱਲ ਸੀ; ਇਸ ਵਿਚ ਖ਼ਾਸ ਤੌਰ 'ਤੇ ਜ਼ਿਕਰ ਕੀਤਾ ਗਿਆ ਸੀ ਕਿ ਉਹਦਾ ਨਾਂ ਯੋਸਿਯਾਹ ਰੱਖਿਆ ਜਾਵੇਗਾ ਅਤੇ ਮੂਰਤੀਪੂਜਾ ਨੂੰ ਖਤਮ ਕਰਨ ਵਿਚ ਖ਼ੁਦਾ ਦੇ ਘਰ ਲਈ ਉਹਦੀ ਗ਼ੈਰਤ ਦੀ ਵੀ ਅਗਾਉਂ ਸੂਚਨਾ ਦਿੱਤੀ ਗਈ ਸੀ (1 ਰਾਜਿਆਂ 13:2)। ਇਨ੍ਹਾਂ ਗੱਲਾਂ ਨੂੰ ਮਨੁਖ ਨਹੀਂ ਜਾਣ ਸਕਦਾ ਸੀ।

### ਰੇਕਾਬ

ਮਸੀਹ ਤੋਂ ਛੇ ਸੌ ਸਾਲ ਪਹਿਲਾਂ ਕੁਝ ਪੁੱਤਰਾਂ ਵੱਲੋਂ ਆਪਣੇ ਪਿਤਾ ਦਾ ਹੁਕਮ ਮੰਨਣ ਕਰਕੇ ਖ਼ੁਦਾ ਦੇ ਨਬੀ ਨੇ ਉਸ ਪਰਿਵਾਰ ਨੂੰ ਹਮੇਸ਼ਾ ਲਈ ਬਰਕਤ ਦਿੱਤੀ (ਯਿਰਮਿਯਾਹ 35:18, 19)। ਉਨ੍ਹੀਵੀਂ ਸਦੀ ਵਿਚ ਮੱਕੇ ਦੇ ਨੇੜੇ ਲਗਭਗ ਸੱਠ ਹਜ਼ਾਰ ਲੋਕ ਮਿਲੇ ਜਿਨ੍ਹਾਂ ਦਾ ਦਾਅਵਾ ਰੇਕਾਬ ਦੀ ਸੰਤਾਨ ਹੋਣ ਦਾ ਸੀ ਅਤੇ ਉਹ ਖਾਲਸ ਯਹੂਦੀ ਧਰਮ ਨੂੰ ਮੰਨਦੇ ਅਤੇ ਇਬਰਾਨੀ ਭਾਸ਼ਾ ਜਾਣਦੇ ਹਨ।

### ਸਿਦਕੀਯਾਹ

ਖ਼ੁਦਾ ਦੀ ਇੱਜਤ ਨਾ ਕਰਨ ਕਰਕੇ ਦੁਸ਼ਟ ਸਿਦਕੀਯਾਹ ਨੂੰ ਬਦਕਿਸਮਤੀ ਵਾਲਾ ਬਦਲਾ ਮਿਲਣਾ ਸੀ। ਨਬੀ ਨੇ ਐਲਾਨ ਕੀਤਾ ਕਿ ਸਿਦਕੀਯਾਹ ਨੂੰ ਬਾਬੁਲ ਦੇ ਸ਼ਹਿਰ ਵਿਚ ਕੈਦੀ ਬਣਾ ਕੇ ਲਿਜਾਇਆ ਜਾਵੇਗਾ। ਪਰ ਬਾਬੁਲ ਨੂੰ ਕਦੀ ਵੇਖੇਗਾ ਨਹੀਂ (ਹਿਜ਼ਕੀਏਲ 12:13)। ਇਸ ਅਨੋਖੀ ਨਬੂਵਤ ਲਈ ਉਸ ਗੱਲ ਦੀ ਅਗਾਊਂ ਜਾਣਕਾਰੀ ਹੋਣਾ ਜਰੂਰੀ ਸੀ ਕਿ ਗ਼ੈਰ ਕੌਮ ਦੇ ਰਾਜਾ ਨਬੁੱਕਦਨਸੇਰ ਕੀ ਕਰੇਗਾ। ਅਸੀਂ ਯਕੀਨੀ ਜਾਣ ਸਕਦੇ ਹਾਂ ਕਿ ਇਹ ਗ਼ੈਰ ਕੌਮ ਬਦਕਿਸਮਤ ਕੈਦੀ ਸਿਦਕੀਯਾਹ ਨੂੰ ਬਾਬੁਲ ਲੈ ਜਾਣ ਤੋਂ ਪਹਿਲਾਂ ਉਹਦੀਆਂ ਅੱਖਾਂ ਕੱਢ ਕੇ ਇਕ ਇਬਰਾਨੀ ਪੇਸ਼ਨਗੋਈ ਨੂੰ ਪੂਰੀ ਕਰਨ ਦੀ ਸਾਜ਼ਿਸ਼ ਨਹੀਂ ਰਚ ਰਿਹਾ ਸੀ।

**ਐਂਟੀਓਕਸ**

ਐਂਟੀਓਕਸ ਚੌਥਾ (ਐਪੀਫ਼ੇਨਸ) ਅਰਥਾਤ ''ਮੈਡਮੈਨ''[2] ਬਾਰੇ ਦਾਨੀਏਲ ਦੀ ਭਵਿੱਖਬਾਣੀ ਐਨੀ ਸਹੀ ਅਤੇ ਸੰਖੇਪ ਹੈ ਕਿ ਬੇਵਿਸ਼ਵਾਸੀ ਲੋਕ ਇਹੀ ਦਾਅਵਾ ਕਰਦੇ ਹਨ ਕਿ ਇਹ ਗੱਲ ਐਂਟੀਓਕਸ ਦੀ ਹਕੂਮਤ ਤੋਂ ਚਾਰ ਸੌ ਸਾਲ ਪਹਿਲਾਂ ਨਹੀਂ ਲਿਖੀ ਗਈ ਹੋ ਸਕਦੀ (ਵੇਖੋ ਦਾਨੀਏਲ 8 ਅਤੇ 11) ਇਹ ਐਨੀ ਸਾਫ਼ ਹੈ ਕਿ ਅਲੋਚਕ ਦਾਅਵਾ ਕਰਨ ਲੱਗ ਪਏ ਹਨ ਕਿ ਇਹ ਵੇਰਵੇ ਨੂੰ ਨਬੂਵਤ ਨਹੀਂ ਬਲਕਿ ਇਤਿਹਾਸ ਮੰਨਿਆ ਜਾਵੇ।

ਕੋਈ ਵੀ ਦਸਤਾਵੇਜ਼ੀ ਸਬੂਤ ਦਾਨੀਏਲ ਦੀ ਕਿਤਾਬ 'ਤੇ ਸ਼ੱਕ ਨਹੀਂ ਕਰਦਾ। ਦਾਨੀਏਲ ਦੇ ਨਾਂ ਨਾਲ ਕਿਸੇ ਬਨਾਵਟੀ ਕਿਤਾਬ ਦੇ ਲਿਖੇ ਜਾਣ ਅਤੇ ਇਸ ਤਰ੍ਹਾਂ ਦੀ ਕਿਤਾਬ ਨੂੰ ਖ਼ੁਦਾ ਦੀ ਬਾਈਬਲ ਵਿਚ ਜੋੜਨ ਦਾ ਖ਼ਿਆਲ ਖ਼ੁਦਾ ਅਤੇ ਉਹਦੇ ਵਚਨ ਦੇ ਸੁਭਾਅ ਦੇ ਖ਼ਿਲਾਫ਼ ਹੈ। ਆਮ ਸੱਚਾਈ ਇਹੀ ਹੈ ਕਿ ਦਾਨੀਏਲ ਦੀ ਨਬੂਵਤ ਇੰਨੀ ਢੁਕਵੀਂ ਅਤੇ ਵਿਸ਼ੇ ਮੁਤਾਬਕ ਹੈ ਕਿ ਖ਼ੁਦਾਈ ਦਸਤਾਵੇਜ਼ ਦੇ ਤੌਰ 'ਤੇ ਇਹਦੇ ਸਬੂਤ ਨੂੰ ਖ਼ਤਮ ਕਰਨ ਦਾ ਇੱਕੋ ਤਰੀਕਾ ਇਸ ਨੂੰ ਬਨਾਵਟੀ ਸਾਹਿਤ ਆਖ ਕੇ ਬਦਨਾਮ ਕਰਨਾ ਹੈ।

**ਯਿਸੂ**

*ਆਮ ਉਡੀਕ।* ਲੋਕਾਂ ਵਿਚ ਆਉਣ ਵਾਲੇ ਮਸੀਹਾ ਬਾਰੇ ਇਬਰਾਨੀ ਨਬੀਆਂ ਦੇ ਲੇਖਾਂ ਨੇ ਇਕ ਆਮ ਉਡੀਕ ਅਤੇ ਆਸ ਬਨ੍ਹਾ ਦਿੱਤੀ ਸੀ। ''ਜਿਹੜਾ ਆਉਣ ਵਾਲਾ ਸੀ ਉਹ ਤੂੰ ਹੀ ਹੈਂ ... ?''(ਮੱਤੀ 11:3) ਇਹ ਇਕ ਅਜਿਹਾ ਸਵਾਲ ਹੈ ਜੋ ਆਮਤੌਰ 'ਤੇ ਜਤਾਏ ਜਾਣ ਵਾਲੇ ਵਿਸ਼ਵਾਸ ਨੂੰ ਜ਼ਾਹਰ ਕਰਦਾ ਹੈ। ਯਹੂਦੀਆਂ ਨਾਲ ਗ਼ੈਰ ਕੌਮਾਂ ਦੇ ਲੋਕ ਵੀ ਉਸ ਆਉਣ ਵਾਲੇ ਦੀ ਉਡੀਕ ਵਿਚ ਸਨ ਜਿਹਨੇ ਦੁਨੀਆ ਨੂੰ ਬਰਕਤ ਦੇਣੀ ਸੀ।

*ਸਮਾਂ ਦੱਸਿਆ ਗਿਆ।* ਖ਼ੁਦਾ ਤੋਂ ਪ੍ਰੇਰਣਾ ਪਾਏ ਹੋਏ ਨਬੀਆਂ ਨੇ ਮਸੀਹਾ ਦੇ ਆਉਣ ਦੀ ਅਗਾਊਂ ਸੂਚਨਾ ਹੀ ਨਹੀਂ ਦਿੱਤੀ ਸੀ, ਉਨ੍ਹਾਂ ਨੇ ਉਹਦੇ ਆਉਣ ਦੇ ਸਮੇਂ ਦਾ ਵੀ ਐਲਾਨ ਕੀਤਾ ਸੀ। ਉਹਦਾ ਆਉਣਾ ਰੋਮੀ ਹਕੂਮਤ ਦੇ ਵਜੂਦ ਵਿਚ ਹੋਣ ਸਮੇਂ ਹੀ ਹੋਣਾ ਸੀ (ਜੋ 65 ਈ.ਪੂ.-476 ਈ. ਤਕ ਰਿਹਾ)। ਸਭ ਕੌਮਾਂ ਦੀ ਮਰਜ਼ੀ ਦੂਜੀ ਹੈਕਲ ਦੇ ਕਾਇਮ ਰਹਿਣ ਭਾਵ 70 ਈਸਵੀ ਤਕ ਹੋਣੀ ਸੀ। ਉਸ ਹਾਕਮ ਨੇ ਅੰਸ ਦੇ ਖਾਤਮੇ ਭਾਵ ਸੱਤਰ ਈਸਵੀ ਤੋਂ ਪਹਿਲਾਂ ਯਹੂਦਾ ਵਿੱਚੋਂ ਨਿਕਲਣਾ ਸੀ। ਉਸ ਮਸਹ ਕੀਤੇ ਹੋਏ ਭਾਵ ਰਾਜ ਕੁਮਾਰ ਨੇ ਯਰੂਸ਼ਲਮ ਦੀ ਬਰਬਾਦੀ ਤੋਂ ਪਹਿਲਾਂ ਭਾਵ 70 ਈਸਵੀ ਤੋਂ ਪਹਿਲਾਂ ਆਉਣਾ ਸੀ। ਇਸ ਕਰਕੇ ਦੁਨੀਆ ਆਪਣੇ ਮੁਕਤੀਦਾਤੇ ਦੇ ਆਉਣ ਦੀ ਆਸ ਰੋਮੀ ਹਕੂਮਤ ਦੀ ਕਾਇਮੀ (65 ਈਸਵੀ ਪੂਰਵ) ਅਤੇ ਯਰੂਸ਼ਲਮ ਦੀ ਬਰਬਾਦੀ (70 ਈਸਵੀ) ਦੇ ਵਿਚਕਾਰ ਕਰ ਸਕਦੀ ਸੀ।

*ਕੁਝ ਚਿਤਰਨ ਅਤੇ ਨਾਂ।* ਯਿਸੂ ਦੇ ਕੁਝ ਚਿਤਰਨਾਂ ਅਤੇ ਨਾਵਾਂ ਦੀ ਪੇਸ਼ਨਗੋਈ ਇਸ ਤਰ੍ਹਾਂ ਹੈ: ਸ਼ੀਲੋਹ (ਉਤਪਤ 49:10), ਯਾਕੂਬ ਦਾ ਤਾਰਾ (ਗਿਣਤੀ 24:17), ਨਬੀ (ਵਿਵਸਥਾਸਾਰ 18:15), ਜੋ ਆਉਂਦਾ ਹੈ (ਜ਼ਬੂਰ 118:26), ਦਾਊਦ ਦਾ ਪ੍ਰਭੂ (ਜ਼ਬੂਰ 110:1), ਪ੍ਰਮੇਸ਼ਵਰ ਦਾ ਪੁੱਤਰ (ਜ਼ਬੂਰ 2:7, 12), ਸਿਓਨ ਦਾ ਰਾਜਾ (ਜ਼ਬੂਰ 2:6), ਮਸੀਹ ਭਾਵ ਮਸਹ ਕੀਤਾ ਹੋਇਆ (ਜ਼ਬੂਰ 2:2), ਬੰਦਗੀ ਦੇ ਯੋਗ (ਵੇਖੋ ਜ਼ਬੂਰ 2:12), ਇੰਮਾਨੂਏਲ (ਯਸਾਯਾਹ 7:14), ਠੋਕਰ ਦਾ ਪੱਥਰ (ਯਸਾਯਾਹ 8:14), ਅਚਰਜ ਸਲਾਹੂ (ਯਸਾਯਾਹ 9:6), ਸ਼ਾਂਤੀ ਦਾ ਰਾਜ ਕੁਮਾਰ (ਯਸਾਯਾਹ 9:6), ਸ਼ਕਤੀਮਾਨ ਪ੍ਰਮੇਸ਼ਵਰ (ਯਸਾਯਾਹ

9:6), ਅਨਾਦੀ ਪਿਤਾ (ਯਸਾਯਾਹ 9:6), ਲੋਕਾਂ ਲਈ ਅਰਾਮਗਾਹ (ਯਸਾਯਾਹ 11:10), ਖੂੰਜੇ ਦਾ ਅਨਮੋਲ ਪੱਥਰ (ਯਸਾਯਾਹ 28:16), ਖ਼ੁਦਾ ਦਾ ਦਾਸ (ਯਸਾਯਾਹ 42:1), ਖ਼ੁਦਾ ਦਾ ਚੁਣਿਆ ਹੋਇਆ (ਯਸਾਯਾਹ 42:1), ਖ਼ੁਦਾ ਦਾ ਧਰਮੀ ਜਨ (ਯਸਾਯਾਹ 42:6 ), ਗ਼ੈਰ ਕੌਮਾਂ ਲਈ ਰੌਸ਼ਨੀ (ਯਸਾਯਾਹ 49:6), ਮੁਕਤੀਦਾਤਾ (ਯਸਾਯਾਹ 49:6), ਯਹੋਵਾਹ ਦੀ ਭੁਜਾ (ਯਸਾਯਾਹ 53:1), ਭੇਡ (ਯਸਾਯਾਹ 53:7), ਗਵਾਹ (ਯਸਾਯਾਹ 55:4), ਨਾਇਕ (ਯਸਾਯਾਹ 55:4), ਰਹਿਨੁਮਾ (ਯਸਾਯਾਹ 55:4), ਖ਼ੁਸ਼ਖ਼ਬਰੀ ਸੁਣਾਉਣ ਵਾਲਾ (ਯਸਾਯਾਹ 61:1), ਮੁਕਤੀਦਾਤਾ ਭਾਵ ਛੁਡਾਉਣ ਵਾਲਾ (ਯਸਾਯਾਹ 62:11), ਯਹੋਵਾਹ (ਯਿਰਮਿਯਾਹ 23:6), ਦਾਊਦ (ਹੋਸ਼ੇਆ 3:5), ਪ੍ਰਭੂਤਾ ਕਰਨ ਵਾਲਾ ਸ਼ਹਿਜ਼ਾਦਾ (ਯਿਰਮਿਯਾਹ 30:21), ਸ਼ਾਖ (ਯਿਰਮਿਯਾਹ 23:5), ਆਜੜੀ (ਹਿਜ਼ਕੀਏਲ 34:23), ਮਨੁੱਖ ਦਾ ਪੁੱਤਰ (ਦਾਨੀਏਲ 7:13), ਸਦਾ ਤਕ ਹਕੂਮਤ ਕਰਨ ਵਾਲਾ (ਮੀਕਾਹ 5:2), ਸਭ ਕੌਮਾਂ ਦੀ ਇੱਛਾ (ਹੱਜਈ 2:7), ਹੈਕਲ ਦਾ ਪ੍ਰਭੂ (ਮਲਾਕੀ 3:1), ਨੇਮ ਦਾ ਦੂਤ (ਮਲਾਕੀ 3:1), ਧਰਮ ਦਾ ਸੂਰਜ (ਮਲਾਕੀ 4:2)। (ਇਸ ਕਿਤਾਬ ਵਿਚ ਅੱਗੇ ਆਏ ਪਾਠ ''ਮਸੀਹਾ ਦੀਆਂ ਨਬੂਵਤਾਂ'' ਅਤੇ ''ਮਸੀਹ ਨਾਲ ਸਬੰਧਤ ਚੁਣਿੰਦਾ ਨਬੂਵਤਾਂ ਅਤੇ ਉਨ੍ਹਾਂ ਦਾ ਪੂਰਾ ਹੋਣਾ'' ਵੇਖੋ।)

*ਸੰਭਾਵਨਾ ਦਾ ਨਿਯਮ।* ਜੇ ਯਿਸੂ ਬਾਰੇ ਸਿਰਫ਼ ਪੰਜਾਹ ਨਬੂਵਤਾਂ ਹੀ ਕੀਤੀਆਂ ਗਈਆਂ ਹੁੰਦੀਆਂ, ਤਾਂ ਇਹ ਮੰਨ ਕੇ ਕਿ ਉਨ੍ਹਾਂ ਦੇ ਪੂਰਾ ਹੋਣ ਜਾਂ ਨਾ ਹੋਣ ਦੀਆਂ ਸੰਭਾਵਨਾਵਾਂ ਬਰਾਬਰ ਹਨ, ਉਨ੍ਹਾਂ ਸਭ ਨਬੂਵਤਾਂ ਦੇ ਪੂਰਾ ਹੋਣ ਦੀ ਸੰਭਾਵਨਾ ਬਹੁਤ ਘੱਟ ਹੋਣੀ ਸੀ। ਇਹ ਮੰਨਣਾ ਕਿ ਪੰਜਾਹ ਘਟਨਾਵਾਂ ਇੱਕੋ ਹੀ ਸਮੇਂ ਹੋ ਜਾਣਗੀਆਂ ''ਇਹਦੇ ਹੋਣ ਦੀ ਜ਼ਬਰਦਸਤ ਅਸੰਭਾਵਨਾ ਨੂੰ ਸਹੀ ਢੰਗ ਨਾਲ ਬੇਕਾਰ ਕਰਨ ਦੀ ਅੰਕਾਂ ਦੀ ਸ਼ਕਤੀ ਤੋਂ ਉੱਪਰ ਹੋ ਜਾਂਦੀ ਹੈ।''[3] ਇਹ ਹਿਸਾਬ ਖ਼ੁਦਾ ਦੇ ਪੱਖ ਅਤੇ ਵਿਰੋਧ ਵਿਚ ''ਲੋਕਾਂ ਦੀਆਂ ਭਾਵਨਾਵਾਂ, ਰਾਜ ਕੁਮਾਰਾਂ ਦੀਆਂ ਭਾਵਨਾਵਾਂ, ਬੁੱਧਵਾਨਾਂ ਦੇ ਅਧਿਐਨ, ਦੁਸ਼ਟਾਂ ਦੀਆਂ ਚਲਾਕੀਆਂ, ਲੜਾਈਆਂ, ਇਨਕਲਾਬਾਂ ਅਤੇ ਕੌਮਾ ਦੇ ਵੱਖੋ-ਵੱਖ ਭਵਿੱਖਾਂ'' ਦੀ ਇੱਛਾ ਅਤੇ ਕੰਮਾਂ 'ਤੇ ਵਿਚਾਰ ਨਹੀਂ ਕਰਦੀਆਂ।

ਜੇ ਪੰਜ ਸੌ ਪੇਸ਼ਨਗੋਈਆਂ ਹੀ ਕੀਤੀਆਂ ਗਈਆਂ ਹੁੰਦੀਆਂ ਤਾਂ ਉਨ੍ਹਾਂ ਦੇ ਇੱਕੋ ਹੀ ਬੰਦੇ 'ਤੇ ਪੂਰਾ ਹੋਣ ਦੀਆਂ ਸੰਭਾਵਨਾਵਾਂ ਦੁਨੀਆ ਦੇ ਪੂਰੀ ਤਰ੍ਹਾਂ ਪਾਣੀ ਹੋਣ, ਪਾਣੀ ਦੇ ਉਸ ਇਕ ਬੂੰਦ ਤੋਂ ਵੀ ਘੱਟ ਹੁੰਦੀਆਂ।

ਵਿਚਾਰ ਕਰੋ: ਮਸੀਹ ਬਾਰੇ ਕੀਤੀਆਂ ਜਾਣ ਵਾਲੀਆਂ 50 ਜਾਂ 100 ਨਹੀਂ ਸਗੋਂ 332 ਨਬੂਵਤਾਂ ਗਿਣੀਆਂ ਗਈਆਂ ਹਨ! ਇਸ ਕਰਕੇ ਇਸ ਵਿਚ ਹੈਰਾਨੀ ਵਾਲੀ ਕੋਈ ਗੱਲ ਨਹੀਂ ਹੈ ਕਿ ਯਿਸੂ ਨੇ ਦਾਅਵਾ ਕੀਤਾ ਕਿ ''ਜੇ ਕੋਈ ਉਹ [ਖ਼ੁਦਾ] ਦੀ ਮਰਜ਼ੀ ਪੂਰੀ ਕਰਨੀ ਚਾਹੇ ਤਾਂ ਉਹ ਇਸ ਸਿੱਖਿਆ ਦੇ ਵਿਖੇ ਜਾਣੇਗਾ ਭਈ ਇਹ ਪ੍ਰਮੇਸ਼ਵਰ ਤੋਂ ਹੈ ਯਾ ਮੈਂ ਆਪਣੀ ਵੱਲੋਂ ਬੋਲਦਾ ਹਾਂ'' (ਯੂਹੰਨਾ 7:17)। ਜਿਵੇਂ ਕੁਦਰਤ ਦੇ ਸਬੂਤਾਂ ਨਾਲ ਨਾਸਤਿਕਾਂ ਲਈ ਕੋਈ ਬਹਾਨਾ ਨਹੀਂ ਰਹਿ ਜਾਂਦਾ ਉਵੇਂ ਹੀ ਨਬੂਵਤ ਦੀਆਂ ਗੱਲਾਂ ਦੇ ਸਬੂਤਾਂ ਨਾਲ ਨਾਸਤਿਕਾਂ ਲਈ ਕੋਈ ਬਹਾਨਾ ਨਹੀਂ ਰਹਿ ਜਾਂਦਾ।

ਇਹ ਗੱਲ ਆਮ ਤੌਰ 'ਤੇ ਮੰਨੀ ਜਾਂਦੀ ਹੈ ਕਿ ਯਿਸੂ ਨੇ ਪੇਸ਼ਨਗੋਈਆਂ ਨੂੰ ਪੂਰਾ ਕੀਤਾ। ਇਸ ਦਾਅਵੇ ਤੋਂ ਇਨਕਾਰ ਕਰਨ ਦਾ ਇੱਕੋ ਤਰੀਕਾ ਇਹ ਦਾਅਵਾ ਕਰਨਾ ਹੈ ਕਿ ਇਹ ਨਬੂਵਤਾਂ ਯਿਸੂ ਦੇ ਆਉਣ ਦੇ ਬਾਅਦ ਲਿਖੀਆਂ ਗਈਆਂ ਸਨ। ਪਰ ਇਹ ਦਾਅਵਾ ਤਾਂ ਖ਼ੁਦ ਨਾਸਤਿਕਾਂ ਵੱਲੋਂ ਨਕਾਰਿਆ ਜਾ ਚੁਕਾ ਹੈ। ਯਹੂਦੀ ਨਾਸਤਿਕ ਵੀ ਪੁਰਾਣੇ ਨੇਮ ਦੀਆਂ ਕਿਤਾਬਾਂ

ਦੀ ਪਰਮਾਣਿਕਤਾ ਅਤੇ ਯਥਾਰਥਤਾ ਦੀ ਬੜੇ ਜ਼ੋਰਦਾਰ ਢੰਗ ਨਾਲ ਹਮਾਇਤ ਕਰਦੇ ਹਨ। ਇਸ ਕਰਕੇ ਯਹੂਦੀਆਂ ਵਿੱਚੋਂ ਮਸੀਹ 'ਤੇ ਵਿਸ਼ਵਾਸ ਨਾ ਲਿਆਉਣ ਵਾਲੇ ਲੋਕ ਨਾ ਚਾਹੁੰਦੇ ਹੋਏ ਵੀ ਮਸੀਹ ਦੇ ਕਾਰਜ ਵਿਚ ਭਾਈਵਾਲ ਬਣਦੇ ਹਨ!

## ਯਿਸੂ ਵੱਲੋਂ ਕੀਤੀਆਂ ਗਈਆਂ ਨਬੂਵਤਾਂ

ਮਸੀਹ ਦੇ ਆਉਣ ਬਾਰੇ 332 ਨਬੂਵਤਾਂ ਵਿੱਚੋਂ ਇਕ ਇਹ ਸੀ ਕਿ ਉਹਨੇ ਆਪ ਇਕ ਨਬੀ ਹੋਣਾ ਸੀ। ਹਕੀਕਤ ਤਾਂ ਇਹ ਹੈ ਕਿ ਉਹਨੇ ਨਬੂਵਤ ਕਰਨ ਦੀ ਆਪਣੀ ਯੋਗਤਾ 'ਤੇ ਖ਼ੁਦਾ ਹੋਣ ਦੇ ਆਪਣੇ ਦਾਅਵੇ ਨੂੰ ਦਾਅ 'ਤੇ ਲਾ ਦਿੱਤਾ। ਇਸ ਤਰਖਾਣ/ਪ੍ਰਚਾਰਕ ਨੇ ਆਪਣੀ ਮੌਤ ਦੀ ਨਬੂਵਤ ਕੀਤੀ ਸੀ (ਮੱਤੀ 16:21; ਮਰਕੁਸ 9:31; ਲੂਕਾ 9:22), ਫਿਰ ਵੀ ਉਹਨੇ ਆਪਣੀ ਲਹਿਰ ਦੇ ਭਵਿੱਖ ਵਿਚਲੇ ਵਿਸਤਾਰ ਬਾਰੇ ਪਹਿਲਾਂ ਤੋਂ ਹੀ ਦੱਸ ਦਿੱਤਾ ਸੀ। ਉਹ ਕੋਈ ਆਮ ਨਬੀ ਨਹੀਂ ਸੀ! ਉਹਦੀ ਮੌਤ ਦੇ ਬਾਅਦ ਉਹਦੇ ਪੈਰੋਕਾਰਾਂ ਦੀ ਗਿਣਤੀ ਦਾ ਵਧਣਾ ਇਤਿਹਾਸ ਦਾ ਇਕ ਅਜੂਬਾ ਹੈ।

ਯਿਸੂ ਦੀਆਂ ਬਹੁਤ ਸਾਰੀਆਂ ਨਬੂਵਤਾਂ ਵਿੱਚੋਂ 25 ਨਬੂਵਤਾਂ ਯਰੂਸ਼ਲਮ ਸ਼ਹਿਰ ਬਾਰੇ ਸਨ। ਜਦ ਅਜੇ ਸਭ ਕੁਝ ਠੀਕ-ਠਾਕ ਸੀ ਤਾਂ ਉਹਨੇ ਇਹਦੇ ਪੂਰੀ ਤਰ੍ਹਾਂ ਬਰਬਾਦ ਹੋਣ ਦਾ ਸਾਫ਼-ਸਾਫ਼ ਐਲਾਨ ਕਰ ਦਿੱਤਾ ਸੀ (ਮੱਤੀ 24:15-28; ਮਰਕੁਸ 13:14-23; ਲੂਕਾ 21:6)। ਸੰਗਮਰਮਰ ਦੀ 50x24x16 ਫੁੱਟ ਦੀ ਹੈਕਲ ਦੇ ਵੱਡੇ-ਵੱਡੇ ਵਿਸ਼ਾਲ ਪੱਥਰਾਂ 'ਤੇ ਪੱਥਰ ਨਹੀਂ ਛੱਡਿਆ ਜਾਣਾ ਸੀ (ਮੱਤੀ 24:2; ਮਰਕੁਸ 13:2; ਲੂਕਾ 21:6)। ਇਹ ਨਬੂਵਤ 40 ਸਾਲ ਬਾਅਦ ਟਾਈਟਸ ਦੇ ਸਾਹਮਣੇ ਸ਼ਹਿਰ ਦੇ ਡਿੱਗਣ ਵੇਲੇ ਪੂਰੀ ਹੋਈ। ਅੱਗ ਨਾਲ ਹੈਕਲ ਦਾ ਸੋਨਾ ਪਿਘਲ ਗਿਆ ਸੀ ਅਤੇ ਲੁੱਟਮਾਰ ਕਰਨ ਵਾਲਿਆਂ ਨੇ ''ਪਿਘਲੇ ਹੋਏ ਖ਼ਜ਼ਾਨੇ ਨੂੰ ਲੱਭਣ ਲਈ ਹੇਠਾਂ ਤਕ'' ਪੁੱਟਣ ਲਈ ਪੱਥਰਾਂ ਨੂੰ ਉਖਾੜ ਦਿੱਤਾ। ਜਰਨੈਲ ਟਾਈਟਸ ਨੇ ਸ਼ਾਨਦਾਰ ਇਮਾਰਤ ਨੂੰ ਬਚਾਉਣ ਦੀ ਕੋਸ਼ਿਸ਼ ਕੀਤੀ ਪਰ ਉਹ ਆਪਣੇ ਸਿਪਾਹੀਆਂ ਦੇ ਗੁੱਸੇ 'ਤੇ ਕਾਬੂ ਨਹੀਂ ਪਾ ਸਕਿਆ। ਹੈਕਲ ਦੀ ਖ਼ੂਬਸੂਰਤ ਅਤੇ ਬੇਸ਼ਕੀਮਤੀ ਇਮਾਰਤ ਨੂੰ ਬਚਾਉਣ ਦੀ ਕੋਸ਼ਿਸ਼ ਵਿਚ ਟਾਈਟਸ ਅਣਜਾਣੇ ਵਿਚ ਯਿਸੂ ਦੇ ਵਚਨ ਦੇ ਖ਼ਿਲਾਫ਼ ਕੰਮ ਕਰਨ ਵਾਲਾ ਬਣ ਗਿਆ। ਫਿਰ ਵੀ ਯਿਸੂ ਨੂੰ ਪਤਾ ਸੀ ਕਿ ਕੀ ਹੋਣ ਵਾਲਾ ਹੈ। ਮੱਤੀ 24:25 ਵਿਚ ਉਹਨੇ ਕਿਹਾ ਸੀ, ''ਵੇਖੋ ਮੈਂ ਤੁਹਾਨੂੰ ਅੱਗੋਂ ਹੀ ਦੱਸ ਦਿੱਤਾ।'' ਟਾਈਟਸ ਨੂੰ ਬਾਅਦ ਵਿਚ ਅਹਿਸਾਸ ਹੋਇਆ ਕਿ ਰੋਮੀ ਜੋਸ਼ ਦੀ ਕਾਮਯਾਬੀ ਹਥਿਆਰਾਂ ਕਰਕੇ ਨਹੀਂ ਬਲਕਿ ਖ਼ੁਦਾ ਦੀ ਮਰਜ਼ੀ ਕਰਕੇ ਸੀ।

ਯਿਸੂ ਨੇ ਕਿਹਾ ਸੀ ਕਿ ਝੂਠੇ ਨਬੀ ਉੱਠ ਖੜੇ ਹੋਣਗੇ। ਇਤਿਹਾਸ ਵਿਚ ਅਜਿਹੇ ਲੋਕਾਂ ਦੇ ਨਾਂ ਮਿਲਦੇ ਹਨ ਜਿਨ੍ਹਾਂ ਨੇ ਖ਼ੁਦਾ ਦੀ ਪ੍ਰੇਰਣਾ ਪਾਏ ਹੋਏ ਨਬੀ ਹੋਣ ਦੇ ਵੱਡੇ-ਵੱਡੇ ਦਾਅਵੇ ਕੀਤੇ ਸਨ। ਯਿਸੂ ਦੇ ਵਚਨ ਮੁਤਾਬਕ, ਲੜਾਈਆਂ ਅਤੇ ਲੜਾਈਆਂ ਦੀਆਂ ਅਫ਼ਵਾਹਾਂ ਹੋਣੀਆਂ ਸਨ, ਥਾਂ-ਥਾਂ ਅਕਾਲ ਪੈਣੇ ਸਨ ਅਤੇ ਭੂਚਾਲ ਆਉਣੇ ਸਨ (ਮੱਤੀ 24:6, 7; ਮਰਕੁਸ 13:7, 8)। ਇਤਿਹਾਸ ਵਿਚ ਕਲੌਦਿਉਸ ਕੈਸਰ ਦੀ ਹਕੂਮਤ ਦੌਰਾਨ ਨਾ ਸਿਰਫ਼ ਲੜਾਈਆਂ ਅਤੇ ਲੜਾਈਆਂ ਦੀਆਂ ਅਫ਼ਵਾਹਾਂ ਬਲਕਿ ਅਕਾਲ ਅਤੇ ਮਰੀ ਅਤੇ ਭੂਚਾਲਾਂ ਬਾਰੇ ਵੀ ਦੱਸਿਆ ਗਿਆ ਹੈ। ਯਿਸੂ ਨੇ ਕਿਹਾ ਸੀ ਅਸਮਾਨ ਤੋਂ ਨਿਸ਼ਾਨ ਵਿਖਾਈ ਦੇਣਗੇ (ਲੂਕਾ 21:11)। ਮਾਣਯੋਗ ਇਤਿਹਾਸਕਾਰਾਂ ਨੇ ਭਾਵੇਂ ਉਹ ਬੇਵਿਸ਼ਵਾਸੇ ਹੀ ਸਨ, ਅਜਿਹੇ ਨਿਰਾਲੇ ਦ੍ਰਿਸ਼ਾਂ ਬਾਰੇ

ਲਿਖਿਆ ਹੈ, ਜਿਨ੍ਹਾਂ ਤੋਂ ਮਨੁੱਖ ਦੇ ਮਨ ਬੁਰੀ ਤਰ੍ਹਾਂ ਪ੍ਰਭਾਵਿਤ ਹੋਏ ਹਨ। ਯਿਸੂ ਨੇ ਪਹਿਲਾਂ ਹੀ ਚਿਤਾਵਨੀ ਦੇ ਦਿੱਤੀ ਸੀ ਕਿ ਉਹਦੇ ਚੇਲੇ ਯਰੂਸ਼ਲਮ ਦੀ ਬਰਬਾਦੀ ਤੋਂ ਪਹਿਲਾਂ ਬੁਰੀ ਤਰ੍ਹਾਂ ਸਤਾਏ ਜਾਣਗੇ (ਮੱਤੀ 24:9)। ਇਸ ਤਰ੍ਹਾਂ ਯਿਸੂ ਨੂੰ ਪਹਿਲਾਂ ਹੀ ਪਤਾ ਸੀ ਕਿ ਨੀਰੋ ਅਤੇ ਹੋਰ ਹਾਕਮ ਮਸੀਹੀ ਲੋਕਾਂ ਨਾਲ ਕੀ ਸਲੂਕ ਕਰਨਗੇ। ਯਿਸੂ ਨੇ ਨਬੂਵਤ ਕੀਤੀ ਸੀ ਕਿ ਸਤਾਅ ਕਰਕੇ ਬਹੁਤ ਸਾਰੇ ਮਸੀਹੀ ਇਮਾਨ ਤੋਂ ਡਿੱਗ ਜਾਣਗੇ (ਮੱਤੀ 24:10)। ਇਤਿਹਾਸ ਤੋਂ ਲੋਕਾਂ ਦੇ ਬੇਦੀਨ ਹੋਣ ਦਾ ਪਤਾ ਲਗਦਾ ਹੈ। ਯਰੂਸ਼ਲਮ ਦੇ ਢਾਹੇ ਜਾਣ ਤੋਂ ਪਹਿਲਾਂ, ਪੂਰੀ ਦੁਨੀਆ ਵਿਚ ਖ਼ੁਸ਼ਖ਼ਬਰੀ ਸੁਣਾਈ ਜਾਣੀ ਸੀ। 30 ਤੋਂ 70 ਈਸਵੀ ਤੋਂ ਮਸੀਹੀਅਤ ਦਾ ਫੈਲਣਾ ਇਤਿਹਾਸ ਦਾ ਸਭ ਤੋਂ ਹੈਰਾਨ ਕਰਨ ਵਾਲਾ ਅਧਿਆਇ ਹੈ। ਯਰੂਸ਼ਲਮ ਸ਼ਹਿਰ ਨੂੰ ਫ਼ੌਜਾਂ ਵੱਲੋਂ ਘੇਰੇ ਜਾਣ ਦੇ 40 ਸਾਲ ਪਹਿਲਾਂ ਯਿਸੂ ਨੂੰ ਪਤਾ ਸੀ ਕਿ ਉਹਦੇ ਚੇਲਿਆਂ ਨੂੰ ਬਚ ਜਾਣ ਦਾ ਮੌਕਾ ਮਿਲੇਗਾ। ਦੂਜੇ ਪਾਸੇ ਇਤਿਹਾਸਕਾਰਾਂ ਨੂੰ ਅਜੇ ਤਕ ਪਤਾ ਨਹੀਂ ਲਗ ਸਕਿਆ ਹੈ ਕਿ ਘੇਰਾਬੰਦੀ ਸ਼ੁਰੂ ਕਰਨ ਦੇ ਬਾਅਦ ਰੋਮੀ ਜਰਨੈਲ ਸੈਲਸ਼ੀਅਸ ਗੈਲਸ ਪਿੱਛੇ ਕਿਉਂ ਹਟ ਗਿਆ ਸੀ। ਦੁਬਾਰਾ ਘੇਰਾਬੰਦੀ ਕਰਨ ਤੋਂ ਪਹਿਲਾਂ ਹੀ ਯਿਸੂ ਦੀ ਨਸੀਹਤ ਮੁਤਾਬਕ ਹਜ਼ਾਰਾਂ ਮਸੀਹੀ ਲੋਕਾਂ ਨੇ ਯਰੂਸ਼ਲਮ ਤੋਂ ਭੱਜ ਕੇ ਜਾਨ ਬਚਾਈ ਸੀ। ਵਿਸ਼ਵਾਸ ਨਾ ਕਰਨ ਵਾਲੇ ਯਹੂਦੀ ਉਥੇ ਹੀ ਰਹੇ ਅਤੇ ਉਨ੍ਹਾਂ ਦਾ ਨਾਸ ਹੋਇਆ ਜਾਂ ਗ਼ੁਲਾਮ ਬਣਾ ਕੇ ਵੇਚ ਦਿੱਤੇ ਗਏ।

ਯਿਸੂ ਨੇ ਨਬੂਵਤ ਕੀਤੀ ਸੀ ਕਿ ਯਰੂਸ਼ਲਮ ਸ਼ਹਿਰ ਜਿਸ ਨਾਲ ਉਹ ਬੇਹੱਦ ਪਿਆਰ ਕਰਦਾ ਸੀ ਅਤੇ ਜਿਹਦੇ ਲਈ ਅਥਰੂ ਵਹਾਏ ਸਨ, ਦੁਨੀਆ ਦੇ ਸਭ ਤੋਂ ਵੱਡੇ ਸਤਾਅ ਵਿੱਚੋਂ ਦੀ ਲੰਘਣ ਵਾਲਾ ਹੈ। ਇਹ ਸਭ ਕਿਵੇਂ ਹੋਇਆ, ਇਹਦਾ ਸਬੰਧ ਅਖ਼ੀਰ ਇਕ ਬੇਵਿਸ਼ਵਾਸੇ ਇਤਿਹਾਸਕਾਰ ਫ਼ਲੇਵਿਉਸ ਜੋਸੇਫ਼ਸ ਨੇ ਜੋੜਿਆ ਸੀ। ਉਨ੍ਹਾਂ ਔਕੜਾਂ ਦੇ ਇਲਾਵਾ ਜਿਨ੍ਹਾਂ ਤੋਂ ਆਦਮਖੋਰੀ ਹੋਣ ਲੱਗੀ ਸੀ, ਇਸ ਕੱਟ-ਵੱਢ ਕਰਕੇ 11,00,000 ਲੋਕਾਂ ਦੀ ਜਾਨ ਗਈ ਅਤੇ 97,000 ਗ਼ੁਲਾਮ ਬਣਾਏ ਗਏ ਸਨ। ਕਈ ਸਾਲਾਂ ਬਾਅਦ ਇਮਾਰਤਾਂ ਦੀਆਂ ਨੀਹਾਂ ਦੀ ਖ਼ੁਦਾਈ ਹੋਣ 'ਤੇ ਇਕ ਚਸ਼ਮਦੀਦ ਨੇ ਦੱਸਿਆ ਕਿ ਕੋਈ ਕਹਿ ਨਹੀਂ ਸਕਦਾ ਕਿ ਪਹਿਲਾਂ ਉਥੇ ਕੋਈ ਰਹਿੰਦਾ ਹੋਵੇਗਾ। ਹੈਕਲ ਵਿਚ ਆਖ਼ਰੀ ਕੁਰਬਾਨੀ ਜੁਲਾਈ 16 ਨੂੰ ਹੋਈ ਸੀ ਅਤੇ ਸ਼ਹਿਰ ਨੂੰ ਅੱਗ 9 ਅਗਸਤ 70 ਈਸਵੀ ਵਿਚ ਲੱਗੀ ਸੀ।

ਯਿਸੂ ਨੇ ਹੀ ਨਹੀਂ ਯਰੂਸ਼ਲਮ ਦੀ ਹੋਣ ਵਾਲੀ ਬਰਬਾਦੀ ਵਿਚ ਹੈਰਾਨ ਕਰਨ ਵਾਲੀਆਂ ਗੱਲਾਂ ਦੀ ਪੇਸ਼ਨਗੋਈ ਕੀਤੀ ਸੀ ਸਗੋਂ ਉਹਨੇ ਸਾਫ਼-ਸਾਫ਼ ਦੱਸਿਆ ਸੀ ਕਿ ਇਹ ਸਭ ਉਸ ਸਮੇਂ ਰਹਿ ਰਹੀ ਪੀੜ੍ਹੀ ਦੇ ਜੀਉਂਦੇ ਜੀ ਹੋ ਜਾਣਾ ਸੀ। ਸਮੇਂ ਤੇ, ਚਾਲੀ ਸਾਲਾਂ ਬਾਅਦ ਇਕ ਮੂਰਤੀਪੂਜਕ ਫ਼ੌਜ ਨੇ ਉਹਦੀ ਗੱਲ ਨੂੰ ਪੂਰਾ ਕੀਤਾ।

ਯਿਸੂ ਦੀ ਅਗਾਊਂ ਜਾਣਕਾਰੀ ਇੱਥੋਂ ਤਕ ਕਿ ਉਹਦੇ ਵੇਰਵੇ ਸਹਿਤ ਵਰਣਨ ਨੂੰ ਘੱਟ ਕਰਨ ਦਾ ਇੱਕੋ ਢੰਗ ਇਹ ਕਹਿਣਾ ਹੈ ਕਿ ਨਬੂਵਤਾਂ ਉਹਦੇ ਚੇਲਿਆਂ ਨੇ ਯਰੂਸ਼ਲਮ ਦੀ ਬਰਬਾਦੀ ਹੋਣ ਦੇ ਬਾਅਦ ਲਿਖੀਆਂ ਸਨ। ਪਰ ਬਹੁਤ ਸਾਰੇ ਸਬੂਤਾਂ ਤੋਂ ਇਹ ਸੰਕੇਤ ਮਿਲਦਾ ਹੈ ਕਿ ਯਿਸੂ ਦੀ ਨਬੂਵਤਾਂ ਦੱਸਦੇ ਇੰਜੀਲ ਦੇ ਤਿੰਨੇ ਬ੍ਰਿਤਾਂਤ ਯਰੂਸ਼ਲਮ ਦੀ ਬਰਬਾਦੀ ਤੋਂ ਪਹਿਲਾਂ ਪ੍ਰਕਾਸ਼ਿਤ ਹੋਏ ਸਨ। ਉਨ੍ਹਾਂ ਨੂੰ ਵੰਡਿਆ ਹੀ ਨਹੀਂ ਗਿਆ ਬਲਕਿ ਸਾਫ਼ ਤੌਰ 'ਤੇ ਸ਼ਹਿਰ ਤੋਂ ਭੱਜ ਜਾਣ ਦੀ ਖ਼ੁਸ਼ਖ਼ਬਰੀ ਵਿਚ ਦਿੱਤੀ ਉਸ ਨਸੀਹਤ ਨੂੰ ਮੰਨ ਕੇ ਮਸੀਹੀ ਲੋਕ ਨੱਸ ਗਏ ਸਨ। ਇੰਜੀਲ ਦੇ ਜਿਸ ਬ੍ਰਿਤਾਂਤ ਵਿਚ ਇਨ੍ਹਾਂ ਨਬੂਵਤਾਂ ਨੂੰ ਨਹੀਂ ਲਿਖਿਆ ਗਿਆ ਉਹ ਸਿਰਫ਼ ਇੰਜੀਲ ਦਾ ਯੂਹੰਨਾ ਦਾ ਬ੍ਰਿਤਾਂਤ ਹੈ ਜੋ 70 ਈਸਵੀ ਦੇ ਬਾਅਦ ਪ੍ਰਕਾਸ਼ਿਤ ਹੋਇਆ ਸੀ।

ਯਿਸੂ ਦੀਆਂ ਨਬੂਵਤਾਂ ਐਨੀਆਂ ਅਹਿਮ ਸਨ ਅਤੇ ਉਨ੍ਹਾਂ ਦਾ ਪੂਰਾ ਹੋਣਾ ਐਨਾ ਸਹੀ ਸੀ ਕਿ ਇਤਿਹਾਸ ਯਿਸੂ ਦੀਆਂ ਨਬੂਵਤਾਂ ਨੂੰ ਨਕਾਰਨ ਲਈ ਜਾਣ ਬੁੱਝ ਕੇ ਹੈਰਾਨ ਕਰਨ ਵਾਲੀਆਂ ਕੋਸ਼ਿਸ਼ਾਂ ਬਾਰੇ ਦੱਸਦਾ ਹੈ। ਯਿਸੂ ਨੇ ਕਿਹਾ ਸੀ ਕਿ ਯਰੂਸ਼ਲਮ ਦੀ ਬਰਬਾਦੀ ਦੇ ਬਾਅਦ, ਇਹਨੂੰ ਗ਼ੈਰ ਕੌਮਾਂ ਵੱਲੋਂ ਪੈਰਾਂ ਹੇਠ ਲਤਾੜਿਆ ਜਾਵੇਗਾ। ਬੇਦੀਨ ਹੋਣ ਵਾਲੇ ਬਾਦਸ਼ਾਹ ਜੂਲੀਅਨ (331-362ਈ.) ਨੇ ਮਸੀਹੀਅਤ ਪ੍ਰਤੀ ਆਪਣੀ ਨਫ਼ਰਤ ਕਰਕੇ ਗ਼ੈਰ ਕੌਮਾਂ ਨੂੰ ਯਰੂਸ਼ਲਮ 'ਚੋਂ ਕੱਢਣ ਅਤੇ ਯਹੂਦੀਆਂ ਨੂੰ ਫੇਰ ਤੋਂ ਵਸਾਉਣ ਦਾ ਫ਼ੈਸਲਾ ਕੀਤਾ। ਹੈਕਲ ਦੁਬਾਰਾ ਬਣਾਉਣ ਦੀ ਉਹਦੀ ਹਰ ਕੋਸ਼ਿਸ਼ ਵਿਚ ਕੁਦਰਤੀ ਅਤੇ ਗ਼ੈਰ ਕੁਦਰਤੀ ਹਰ ਤਰ੍ਹਾਂ ਦੀਆਂ ਰੁਕਾਵਟਾਂ ਆਈਆਂ। ਅਖ਼ੀਰ ਬਹੁਤ ਸਾਰਾ ਪੈਸਾ ਖਰਚ ਕਰਨ ਦੇ ਬਾਅਦ ਜੂਲੀਅਨ ਨੇ ਇਹ ਕੰਮ ਛੱਡ ਦਿੱਤਾ। ਆਪਣੀ ਮੌਤ ਵੇਲੇ ਉਹਨੇ ਸਾਫ਼ ਤੌਰ 'ਤੇ ਕਿਹਾ, ''ਹੇ ਗਲੀਲੀ, ਤੂੰ ਜਿੱਤ ਗਿਆ।''

## ਸਾਰ

ਪੁਰਾਣੇ ਅਤੇ ਨਵੇਂ ਨੇਮ ਦੀਆਂ ਨਬੂਵਤਾਂ ਦੇ ਪੂਰਾ ਹੋਣ ਦਾ ਇਹ ਦਿਲਚਸਪ ਅਧਿਐਨ ਇਕ ਖ਼ੁਦਾਈ ਲੇਖਕ ਵਲ ਹੀ ਇਸ਼ਾਰਾ ਕਰ ਸਕਦਾ ਹੈ। ਨਬੂਵਤਾਂ ਐਨੀਆਂ ਸਪੱਸ਼ਟ ਹਨ ਕਿ ਇਨ੍ਹਾਂ ਨੂੰ ਸੰਜੋਗ ਨਹੀਂ ਮੰਨਿਆ ਜਾ ਸਕਦਾ ਭਾਵ ਉਹ ਐਨੀ ਸਫ਼ਾਈ ਨਾਲ ਪੂਰੀਆਂ ਹੋਈਆਂ ਕਿ ਉਨ੍ਹਾਂ ਨੂੰ ਕਿਆਫ਼ਾ ਨਹੀਂ ਕਿਹਾ ਜਾ ਸਕਦਾ। ਖ਼ੁਦਾ ਕਰੇ ਕਿ ਅਸੀਂ ਉਨ੍ਹਾਂ ਤੋਂ ਇਹ ਸਮਝ ਸਕੀਏ ਕਿ ਖ਼ੁਦਾ ਦੇ ਵਚਨ ਨੂੰ ਲਿਖਣ ਦੀ ਪ੍ਰੇਰਣਾ ਦਿੱਤੀ ਗਈ ਸੀ।

---

ਟਿੱਪਣੀਆਂ

[1]ਸਹੀ ਤੌਰ 'ਤੇ ਕਸਦੀਮ ਬਾਬੁਲ ਦਾ ਦੂਰ ਦੁਰਾਡੇ ਦਾ ਦੱਖਣੀ ਹਿੱਸਾ ਹੈ। ਇਸ ਇਲਾਕੇ ਵਿਚ ਕਬਜ਼ੇ ਦੇ ਬਾਅਦ ਕਸਦੀਆਂ ਨੇ ਨਿਓ-ਬੇਬੀਲੋਨੀ ਸਾਮਰਾਜ ਕਾਇਮ ਕੀਤਾ। ਇਬਰਾਨੀ ਨਬੀਆਂ ਨੇ ''ਕਸਦੀਆਂ ਦੇ ਦੇਸ਼'' ਨੂੰ ਬਾਬੁਲ ਦੇ ਸਾਮਰਾਜ ਦੇ ਸਭ ਲੋਕਾਂ ਅਤੇ ਬਾਬੁਲ ਨੂੰ ''ਕਸਦੀ'' ਆਖਿਆ ਸੀ। [2]ਐਂਟੀਓਕੁਸ ਚੌਥਾ (ਏਪੀਫ਼ੇਨਸ) ਸੀਰੀਆ ਦਾ ਇਕ ਸਿਲੋਕਸੀ (ਰਾਜ ਘਰਾਨਾ) ਰਾਜਾ ਸੀ, ਜਿਹਨੇ ਪੁਰਾਣੇ ਅਤੇ ਨਵੇਂ ਨੇਮ ਦੇ ਚਾਰ ਸੌ ਸਾਲਾਂ ਦੇ ਵਕਫ਼ੇ ਦੌਰਾਨ 175 ਤੋਂ 164 ਈ.ਪੂ. ਤਕ ਹਕੂਮਤ ਕੀਤੀ। ਉਹਨੇ ਯਹੂਦੀਆ ਵਿਚ ਰਹਿਣ ਵਾਲਿਆਂ ਸਣੇ ਆਪਣੀ ਪਰਜਾ 'ਤੇ ਯੂਨਾਨੀ ਸਭਿਆਚਾਰ ਮੜ੍ਹਿਆ। ਯਹੂਦੀ ਧਰਮ ਦੇ ਖਾਤਮੇ ਦੀਆਂ ਉਹਦੀਆਂ ਕੋਸ਼ਿਸ਼ਾਂ ਕਰਕੇ ਸੁਨੰਤ, ਸੱਬਤ ਨੂੰ ਮੰਨਣ ਅਤੇ ਸ਼ਰ੍ਹਾ ਨੂੰ ਪੜ੍ਹਨ 'ਤੇ ਰੋਕ ਲਗ ਗਈ। ਹੈਕਲ ਅਪਵਿੱਤਰ ਹੋ ਚੁਕੀ ਸੀ ਜਿਸ ਕਾਰਨ ਯਹੂਦੀ ਲੋਕ ਮੂਰਤੀਪੂਜਕਾਂ ਦੀ ਬੰਦਗੀ ਵਿਚ ਹਿੱਸਾ ਲੈਣ ਅਤੇ ਅਸ਼ੁੱਧ ਭੋਜਨ ਖਾਣ ਲਈ ਮਜਬੂਰ ਸਨ। ਯਹੂਦਾ ਮਕਬਿਉਸ ਨੇ ਵਿਰੋਧ ਕੀਤਾ ਜੋ ਯਹੂਦੀ ਲਿਬਰਤਾਨੀਆ ਦੀ ਬਹਾਲੀ ਦਾ ਕਾਰਨ ਬਣਿਆ। 141 ਈ.ਪੂ. ਵਿਚ ਕੌਮ ਸੀਰੀਆ ਦੇ ਕੰਟਰੋਲ ਤੋਂ ਅਜ਼ਾਦ ਹੋ ਗਈ। ਮਕਾਬੀ ਬਗ਼ਾਵਤ ਅਤੇ ਇਹਦੇ ਲਈ ਹੋਣ ਵਾਲੀਆਂ ਘਟਨਾਵਾਂ 1 ਅਤੇ 2 ਮੱਕਾਬੀ (ਰੋਮਨ ਕੈਥੋਲਿਕ ਬਾਈਬਲ-ਅਨੁਵਾਦਕ) ਦੀ ਕਿਤਾਬ ਵਿਚ ਮਿਲਦੀਆਂ ਹਨ। [3]ਅਲੈਗਜ਼ੈਂਡਰ ਕੈਂਪਬੈਲ, *ਦਿ ਐਵੀਡੈਂਸ ਆਫ਼ ਕ੍ਰਿਸਚਿਐਨਿਟੀ: ਏ ਡਿਬੇਟ* (ਸਿੰਸਿਨਾਟੀ: ਚੇਜ਼ ਐਂਡ ਹਾਲ, 1878), 334-35. [4]ਓਹੀ। [5]ਅਲੈਗਜ਼ੈਂਡਰ ਕੇਥ, *ਐਵੀਡੈਂਸ ਆਫ਼ ਟਰੁੱਥ ਆਫ਼ ਦ ਕ੍ਰਿਸਚਿਅਨ ਰਿਲੀਜਨ ਡਿਰਾਈਵਡ ਫ਼ਰਾਮ ਦ ਲਿਟਰਲ ਫ਼ੁਲਫ਼ਿੱਲਮੈਂਟ ਆਫ਼ ਪ੍ਰੋਫ਼ੇਸੀ* (ਫਿਲਾਡੈਲਫ਼ੀਆ: ਪ੍ਰੈਸਬਿਟੇਰੀਅਨ ਬੋਰਡ ਆਫ਼ ਪਬਲੀਕੇਸ਼ਨ, ਮਿਤੀ ਰਹਿਤ), 368-69.